
# ਸਮਾਧੀ ਤੇ ਅੰਕੁਰ



ਚਰਨ ਸਿੰਘ

# ਸਮਾਧੀ
# ਤੇ
# ਅੰਕੁਰ
(ਕਾਵਿ-ਸੰਗ੍ਰਹਿ)

ਚਰਨ ਸਿੰਘ

ਪੇਸ਼ਕਸ਼
ਪੰਜਾਬ ਬੁੱਕ ਸੈਂਟਰ

# Samadhi
# Te
# Ankur

( A Collection of Small & Long Poems )

By : CHARAN SINGH
9251 ARVIDA, DR.
RICHMOND B.C. V7A4K5
CANADA
Phone : 604-448-0331
Email : virdycharan@gmail.com

© Author

Edition : 2013

Price : Rs. 200/-

Title Designed by : **Harpreet Singh**

**Published by :**
Punjab Book Centre
Sector 22, Chandigarh
Tel. : 0172-2701952, 27855056

---

ਸਮਾਧੀ ਤੇ ਅੰਕੁਰ (ਕਾਵਿ-ਸੰਗ੍ਰਹਿ), ਸ਼ਾਇਰ : ਚਰਨ ਸਿੰਘ
ਪ੍ਰਕਾਸ਼ਕ : ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ
ਛਾਪਕ : ਸਿਧਾਰਥ ਮੀਡੀਆ ਪਰਿੰਟਰਜ਼, ਚੰਡੀਗੜ੍ਹ

# ਸਵੱਰਗਵਾਸੀ ਅਜਾਇਬ ਕਮਲ ਜੀ ਨੂੰ ਸਮਰਪਿਤ

**ਇਸੇ ਕਲਮ ਤੋਂ**

* ਤੀਸਰੀ ਅੱਖ (ਕਾਵਿ ਸੰਗ੍ਰਹਿ) 1982
* ਮਿੱਟੀ 'ਚ ਉੱਕਰੇ ਅੱਖਰ (ਕਾਵਿ ਸੰਗ੍ਰਹਿ) 1984
* ਸ਼ੁਨਯ-ਬੋਧ (ਕਾਵਿ ਸੰਗ੍ਰਹਿ) 1987
* ਆਪੇ ਬੋਲ ਸ੍ਰੋਤ (ਲੰਬੀ ਕਵਿਤਾ) 1998
* ਗਗਨ ਮੈਂ ਥਾਲੁ (ਕਾਵਿ ਸੰਗ੍ਰਹਿ) 2008
* ਸ਼ੀਸ਼ੇ ਵਿਚਲਾ ਸੂਰਜ (ਕਾਵਿ ਸੰਗ੍ਰਹਿ) 2008
* ਰੁੱਖ ਤੇ ਜੰਗਲ (ਕਾਵਿ ਸੰਗ੍ਰਹਿ) 2008
* ਮੁੜ੍ਹਕੋ ਮੁੜ੍ਹਕੀ ਪੌਣ (ਕਾਵਿ ਸੰਗ੍ਰਹਿ) 2009
* ਵਿਪਰੀਤ (ਕਾਵਿ ਸੰਗ੍ਰਹਿ) 2009
* ਬਿੰਦੂ ਤੇ ਦਾਇਰੇ (ਕਾਵਿ ਸੰਗ੍ਰਹਿ) 2009
* ਅੰਤਰੀਵ (ਕਾਵਿ ਸੰਗ੍ਰਹਿ) 2010
* ਸੂਰਜ ਤੇ ਕਿਰਨਾਂ (ਕਾਵਿ ਸੰਗ੍ਰਹਿ) 2010
* ਤੁਪਕਾ ਤੁਪਕਾ ਸੂਰਜ (ਕਾਵਿ ਸੰਗ੍ਰਹਿ) 2010
* ਆਧੁਨਿਕ ਵਿਸ਼ਵ (ਲੰਬੀ ਕਵਿਤਾ) 2011
* ਪ੍ਰਕਰਮਾ (ਕਾਵਿ ਸੰਗ੍ਰਹਿ) 2011
* ਦੀਵੇ ਜਗਦੇ ਨੈਣ (ਅਗਜ਼ਲ ਸੰਗ੍ਰਹਿ) 2011
* ਰਿਸ਼ਮਾਂ (ਕਾਵਿ ਸੰਗ੍ਰਹਿ) 2012
* ਦਰਪਣ (ਕਾਵਿ ਸੰਗ੍ਰਹਿ) 2012
* ਅਨੁਭਵ (ਕਾਵਿ ਸੰਗ੍ਰਹਿ) 2012
* ਪ੍ਰਛਾਂਵੇਂ (ਕਾਵਿ ਸੰਗ੍ਰਹਿ) 2012
* ਤ੍ਰੈਕਾਲ (ਕਾਵਿ ਸੰਗ੍ਰਹਿ) 2012
* ਆਗਮਨ (ਕਾਵਿ ਸੰਗ੍ਰਹਿ) 2012
* ਪ੍ਰਵਾਜ਼ (ਕਾਵਿ ਸੰਗ੍ਰਹਿ) 2012
* ਤ੍ਰਿਵੇਣੀ (ਕਾਵਿ ਸੰਗ੍ਰਹਿ) 2012
* ਕੋਰਾ ਕਾਗ਼ਜ਼ (ਕਾਵਿ ਸੰਗ੍ਰਹਿ) 2012
* ਸ਼ਬਦਾਂ ਦਾ ਸਫ਼ਰ (ਕਾਵਿ ਸੰਗ੍ਰਹਿ) 2012
* ਬੁੱਕਲ (ਕਾਵਿ ਸੰਗ੍ਰਹਿ) 2012
* ਸ਼ੀਸ਼ੇ ਦਾ ਸ਼ਹਿਰ (ਕਾਵਿ ਸੰਗ੍ਰਹਿ) 2012
* ਸੁਰੱਖਸ਼ਾ (ਛੋਟੀਆਂ ਤੇ ਲੰਬੀਆਂ ਕਵਿਤਾਵਾਂ)2013
* ਹਸਤਨਾਪੁਰ (ਛੋਟੀਆਂ ਤੇ ਲੰਬੀਆਂ ਕਵਿਤਾਵਾਂ) 2013
* ਸਮਾਧੀ (ਕਾਵਿ ਸੰਗ੍ਰਹਿ) 2013
* ਅੰਕੁਰ (ਲਘੂ ਕਵਿਤਾਵਾਂ) 2013
* ਸੰਤੁਲਨ (ਕਾਵਿ ਸੰਗ੍ਰਹਿ) 2013
* ਪੱਥਰ ਦਾ ਸਫ਼ਰ (ਕਾਵਿ ਸੰਗ੍ਰਹਿ) 2013

## ਚਰਨ ਸਿੰਘ ਦਾ ਜੀਵਨ—ਬਿਓਰਾ

ਜਨਮ : ਪਿੰਡ ਬੇਗੋਵਾਲ, ਨਵੰਬਰ 1/1947
ਪਿਤਾ ਦਾ ਨਾਮ : ਸ੍ਰੀ ਲਾਲ ਸਿੰਘ
ਮਾਤਾ ਦਾ ਨਾਮ : ਸ੍ਰੀਮਤੀ ਸੰਤ ਕੌਰ
ਪਤਨੀ : ਪ੍ਰਕਾਸ਼ ਕੌਰ
ਮੁੱਢਲੀ ਵਿੱਦਿਆ : ਸਿਆਲਕੋਟ ਖਾਲਸਾ ਹਾਈ ਸਕੂਲ ਜਲੰਧਰ
ਉੱਚ ਵਿੱਦਿਆ : ਲਾਇਲਪੁਰ ਖਾਲਸਾ ਕਾਲਜ ਜਲੰਧਰ
ਐਮ.ਏ. ਪੰਜਾਬੀ
ਚਰਨ ਸਿੰਘ 1980 ਤੋਂ ਕੈਨੇਡਾ ਰਹਿ ਰਿਹਾ ਹੈ

### ਛਪਾਈ ਅਧੀਨ ਪੁਸਤਕਾਂ

(1) ਹੰਝੂਆਂ ਦੇ ਦਰਿਆ (ਗੀਤਾਂ ਦਾ ਸੰਗ੍ਰਹਿ)
(2) ਮੈਂ ਪਗਡੰਡੀ ਮੰਜ਼ਿਲ ਤੇ ਕਮਰਾ (ਲੰਬੀ ਕਵਿਤਾ)
(3) ਹੋਂਦ ਦੀ ਤਲਾਸ਼ (ਲੰਬੀ ਕਵਿਤਾ)
(4) ਕੁਕਨੂਸ (ਕਾਵਿ ਸੰਗ੍ਰਹਿ)
(5) ਮੌਲੀ ਧਰਤੀ (ਕਾਵਿ ਸੰਗ੍ਰਹਿ)
(6) ਖ਼ਾਲੀ ਘਰ (ਕਾਵਿ ਸੰਗ੍ਰਹਿ)
(7) ਪ੍ਰਦਰਸ਼ਨੀ (ਕਾਵਿ ਸੰਗ੍ਰਹਿ)
(8) ਮੁਕਤੀ (ਲੰਬੀ ਕਵਿਤਾ)
(9) ਕ੍ਰਾਂਤੀ (ਕਾਵਿ ਸੰਗ੍ਰਹਿ)
(10) ਜਗਿਆਸਾ (ਕਾਵਿ ਸੰਗ੍ਰਹਿ)
(11) ਪ੍ਰਦੂਸ਼ਣ (ਕਾਵਿ ਸੰਗ੍ਰਹਿ)
(12) ਬਸਤੀ ਤੇ ਸ਼ਹਿਰ (ਕਾਵਿ ਸੰਗ੍ਰਹਿ)
(13) ਅਰਥ (ਕਾਵਿ ਸੰਗ੍ਰਹਿ)
(14) ਮਹਿਮਾ (ਕਾਵਿ ਸੰਗ੍ਰਹਿ)
(15) ਚੁੱਪ ਦੀ ਆਵਾਜ਼ (ਕਾਵਿ ਸੰਗ੍ਰਹਿ)
(16) ਸਾਏ ਦਾ ਸਫ਼ਰ
(17) ਨੀਲਾ ਅਸਮਾਨ
(18) ਛੁੱਪ ਗਏ ਤਾਰੇ
(19) ਕਿਵ ਸੱਚਿਆਰਾ ਹੋਈਐ (ਨਾਟਕ)

# ਅਵਾਰਡਜ਼

(1) AWARD OF DISTINCTION
FROM.: INDO - CANADIAN TIMES 1984

(2) ਸ਼ਾਨੇ ਪੰਜਾਬ DISTINCTION AWARD
FROM : INDO - CANADIAN TIMES 1986

(3) PROF MOHAN SINGH MEMORIAL
FOUNDATION, CANADA.

(4) AWARD OF DISTINCTION
FROM : RADIO RIMJIM CANADA 1993

(5) N R I SABHA JALANDHAR CITY
AWARD OF DISTINCTION 2003

(6) AWARD FOR THE CONRIBUTION TO
PUNJABI LITERATURE 2007

(7) ਸ਼ੂਨਯ-ਬੋਧ ਕਾਵਿ ਸੰਗ੍ਰਹਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ
FOR MA PUNJABI AS A TEXT BOOK

(8) ਕੈਨੇਡੀਅਨ ਕਵੀ ਸੁਰਿੰਦਰ ਧੰਜਲ ਨੇ ਪੰਜ ਪੰਜਾਬੀ ਸਾਹਿਤਕਾਰਾਂ ਤੇ
Ph.D. ਕੀਤੀ ਚਰਨ ਸਿੰਘ ਉਹਨਾਂ ਵਿਚੋਂ ਇਕ ਹੈ

(9) AWARD FOR OUTSTANDING CONTRIBUTION
TO THE PUNJABI POETRY FROM
INTERNATIONAL ASSOCIATION OF PUNJABI
AUTHORS & ARTISTS I.N.C. FOR 2011

(10) AWARD FOR OUTSTANDING CONTRIBUTION
TOWARDS PUNJABI LITERATURE FROM
CANADIAN INTERNATIONAL PUNJABI
SAHIT ACADEMY, CANADA, FOR 2011

# ਤਤਕਰਾ


1. ਆਖ਼ਰੀ ਘਰ
2. ਰੁੱਖ ਦਾ ਦਰਦ
3. ਪਟੜੀਆਂ
4. ਲਖਸ਼ ਦਾ ਵਜ਼ੂਦ
5. ਧੂੰਆਂ ਤੇ ਉਹ
6. ਲੋਹੇ ਦਾ ਮਨੁੱਖ
7. ਹੋਣਾ
8. ਕੱਚੀ ਮੁਹੱਬਤ
9. ਸਮਾਧੀ
10. ਸਹਿਰਾ ਤੇ ਕਲਪਣਾ
11. ਅਵਾਰਾ ਨਿੱਘ
12. ਦੌੜਦਾ ਹੈ ਉਹ
13. ਪਲ ਦਾ ਅੱਜ ਕੱਲ੍ਹ
14. ਚੁੱਪ, ਸ਼ੋਰ ਤੇ ਬੋਲ
15. ਗੁਆਚਾ ਰੁੱਖ
16. ਸਰਹੱਦੀ ਘਰ
17. ਮੌਸਮ ਤੇ ਰੁੱਤ
18. ਨਗਰੀ
19. ਸਮੇਂ ਦਾ ਸੰਕਲਪ
20. ਪੋਤੜੇ
21. ਜੀਵਨ ਧਾਰਾ
22. ਰਸੋਈ
23. ਸਮੁੰਦਰ ਤੇ ਉਹ
24. ਕੋਝਾ ਚਿਹਰਾ ਸੁੰਦਰ ਨਕਸ਼
25. ਪਹਾੜ ਜਲ ਤੇ ਮਨੁੱਖ
26. ਵਿਰਾਟ ਰੂਪ

## ਆਖ਼ਰੀ ਘਰ

ਉਹ
ਜਦ ਬੀਜ ਚੋਂ ਪੁੰਗਰਿਆ
ਉਸਦੇ ਜ਼ਿਹਨ 'ਚ ਸਫ਼ਰ ਸੀ
ਨਜ਼ਰ 'ਚ ਮੰਜ਼ਿਲਾਂ ਸਨ
ਆਕਾਸ਼ ਧਰਤੀ ਦਿਸ਼ਾਵਾਂ ਨੂੰ
ਹੰਗਾਲਦੀਆਂ
ਦਿਲ ਦੀਆਂ ਹਸਰਤਾਂ ਸਨ

-0-

ਉਹ ਹਸਰਤਾਂ ਦਾ ਸਾਗਰ
ਤਰਦਾ
ਪਹਾੜਾਂ ਦਰਿਆਵਾਂ ਨਦੀਆਂ
ਜੰਗਲਾਂ ਚੋਂ ਗੁਜ਼ਰਦਾ
ਬਹਾਰਾਂ ਮੌਸਮਾਂ
ਰੁੱਤਾਂ ਪਤਝੱੜਾਂ ਵੀਰਾਨੀਆਂ ਦੇ
ਪਿੰਡੇ ਪਹਿਣਦਾ ਉਤਾਰਦਾ
ਇਕ ਸੋਨੇ ਦੀ
ਨਗਰੀ 'ਚ ਆ ਗਿਆ
ਸੋਨੇ ਦੇ ਰੁੱਖਾਂ ਆਲ੍ਹਣਿਆਂ
ਪੰਛੀਆਂ
ਉਸਨੂੰ ਭਰਮਾਇਆ

-0-

ਨਗਰੀ ਦੀ ਚਮਕ ਦਮਕ
ਰੰਗਾਂ ਖ਼ੁਸ਼ਬੂਆਂ ਨੇ
ਸਾਜ਼ ਰਾਗ ਨਿਤ੍ਰ ਦੀਆਂ

ਮੁਦਰਾਵਾਂ ਨੇ
ਨਗਰੀ ਦੇ ਦੀਦਿਆਂ
ਬਦਨ ਹੁਸਨ ਅੰਗਾਂ
ਗੋਲਾਈਆਂ ਤੇ ਆਦਾਵਾਂ ਨੇ
ਉਸਨੂੰ ਦੀਵਾਨਾ ਬਣਾ ਲਿਆ
ਉਸਦਾ ਆਪਾ ਖਾ ਲਿਆ

-0-

ਨਗਰੀ ਦੇ ਗਹਿਰੇ ਉੱਚੇ
ਗੰਭੀਰ ਜੀਵਨ ਦੇ
ਅਸਮਾਨ 'ਚ ਵਿਚਰਦਾ
ਕਦੀ ਨਗਰੀ 'ਚ
ਆਪਾ ਉਤਾਰਦਾ
ਕਦੀ ਨਗਰੀ ਆਪਣੇ 'ਚ
ਉਤਾਰਦਾ
ਨਗਰੀ ਦੀਆਂ ਰੌਣਕਾਂ
ਰੰਗੀਨੀਆਂ 'ਚ
ਉਹ ਏਨਾ ਖੋਹ ਗਿਆ
ਕਿ ਸਭ ਕੁਝ ਭੁੱਲ ਕੇ ਆਪਣਾ
ਨਗਰੀ ਦਾ ਹੋ ਗਿਆ

-0-

ਉਸਨੂੰ ਨਗਰੀ ਹੀ
ਆਪਣਾ ਘਰ ਲੱਗਿਆ
ਉਹ ਨਗਰੀ ਤੇ
ਏਨਾ ਡੁੱਲ੍ਹ ਗਿਆ
ਕਿ ਮਰਨਾ ਭੁੱਲ ਗਿਆ

ਉਸਨੂੰ ਲੱਗਿਆ
ਜੋ ਉਸਦੇ ਦੁਆਲੇ ਹੈ
ਜਿਸ 'ਚ ਉਹ ਵਿਚਰ ਰਿਹਾ ਹੈ
ਉਹੀ ਉਸਦਾ ਸੱਚ ਹੈ
ਉਸਦਾ ਸੰਸਾਰ ਹੈ
ਜੀਵਨ ਮਨੋਰਥ ਹੈ
ਸੱਚ ਦਾ ਅੰਤਿਮ ਦੁਆਰ ਹੈ

–0–

ਸਫ਼ਰ 'ਚ ਉਸ ਵੇਖਿਆ
ਲੋਕ ਇਕ ਮੁਰਦਾ ਸ਼ਮਸ਼ਾਨਘਾਟ ਵੱਲ
ਲਿਜਾ ਰਹੇ ਹਨ
ਰਾਮ ਨਾਮ ਸਤਿ ਹੈ
ਗਾ ਰਹੇ ਹਨ
ਉਸਨੇ ਪੁੱਛਿਆ
ਚਿੱਟੇ ਕੱਪੜਿਆਂ 'ਚ ਲਪੇਟਿਆ
ਤੂੰ ਕੌਣ ਹੈਂ
ਮੁਰਦਾ ਬੋਲਿਆ
ਮੈਂ ਮੁਰਦਾ ਹਾਂ ਬੇਜਾਨ ਹਾਂ
ਕਦੀ ਤੇਰੇ ਜਿਹਾ ਇਨਸਾਨ ਸਾਂ
ਇਨਸਾਨ ਹੋਣਾ
ਭਰਮ ਸੀ ਮੇਰਾ
ਮੁਰਦਾ ਹਾਂ
ਅੱਜ ਸੱਚ ਦੀ ਪਹਿਚਾਣ ਹਾਂ

–0–

ਜ਼ਿੰਦਗੀ ਦਾ ਸਫ਼ਰ
ਮੈਂ ਇਕੱਲੇ ਨੇ ਹੀ ਕਰਨਾ ਸੀ
ਇਕੱਲੇ ਨੂੰ ਹੀ ਕਰਨਾ ਪੈ ਰਿਹਾ ਹੈ
ਸਭ ਕੁੱਝ ਹੀ ਮੇਰਾ
ਪਿੱਛੇ ਰਹਿ ਗਿਆ ਹੈ
ਇਹ ਜੋ ਗਾ ਰਹੇ ਹਨ
ਇਸਦਾ ਅਰਥ ਹੈ
ਮੌਤ ਸੱਚ ਹੈ ਜੀਵਨ ਝੂਠ ਹੈ
ਮੇਰਾ ਮੁਰਦਾ ਹੀ
ਸੱਚ ਦਾ ਸਬੂਤ ਹੈ

-0-

ਉਸਨੂੰ
ਆਪਣਾ ਬੀਜ ਯਾਦ ਆਇਆ
ਉਹ ਬੀਜ ਵੱਲ ਪਰਤਿਆ
ਨਾ ਉਸ ਨਾਲ ਨਗਰੀ ਸੀ
ਨਾ ਰੰਗੀਨੀਆਂ ਨਾ ਰੌਣਕਾਂ
ਨਾ ਬਹਾਰ ਸੀ
ਉਸਦੀ ਪੈਂਤੀ ਅੱਖਰੀ ਪਿੱਛੇ
ਰਹਿ ਗਈ ਸੀ
ਉਹ ਇਕੱਲਾ ਹੀ
ਇਸ ਸਫ਼ਰ ਦਾ ਹਰਫ਼ ਸੀ
ਕਬਰ ਦਾ ਸੱਚ
ਅਸਲ ਸੱਚ ਸੀ
ਨਗਰੀ ਦਾ ਸੱਚ ਭਰਮ ਸੀ

-----

## ਰੁੱਖ ਦਾ ਦਰਦ

ਰੁੱਖ ਦਾ ਦਰਦ
ਬੇਗੁਨਾਹ ਪੱਤੇ ਸਹਿੰਦੇ ਰਹੇ
ਤਣੇ ਨੂੰ ਓਪਰਾ
ਜੜ੍ਹਾਂ ਨੂੰ ਪਰਾਇਆ ਕਹਿੰਦੇ ਰਹੇ

-0-

ਜੋ ਵੀ ਮੁਸਾਫ਼ਿਰ
ਰੁੱਖ ਦੀ ਛਾਵੇਂ ਬਹਿੰਦੇ ਰਹੇ
ਰੁੱਖ ਨੂੰ
ਵਸਣ ਦਾ ਵਰ ਦਿੰਦੇ ਰਹੇ
ਤੋੜਦੇ ਫੱਲ ਰਹੇ
ਰੁੱਖ ਦਾ ਵਿਹੜਾ
ਪੱਥਰਾਂ ਨਾਲ ਭਰਦੇ ਰਹੇ

-0-

ਮੁਸਾਫ਼ਿਰਾਂ ਦੇ ਵਰ ਤੋਂ ਦੁੱਖੀ
ਪੱਤਿਆਂ ਦੇ
ਗ਼ਮ ਦਾ ਮਾਰਿਆ ਰੁੱਖ
ਲਹੂ ਦੇ ਅੱਥਰੂ ਪੀਂਦਾ ਰਿਹਾ
ਮੁਸਾਫ਼ਿਰਾਂ ਲਈ
ਆਪਣੀ ਮਰਜ਼ੀ ਬਿਨਾਂ
ਜਿਉਂਦਾ ਰਿਹਾ

-0-

ਰੁੱਖ ਦਾ ਦਰਦ ਸੀ
ਕਿ ਸਾਰੀ ਉਮਰ ਰੁੱਖ
ਆਪਣੇ ਸਿਰ ਤੇ

ਸੜਦਾ ਥਲ ਸਹਾਰਦਾ ਰਿਹਾ
ਪੱਤਿਆਂ ਦਾ ਤਨ ਲੂੰਹਦਾ ਰਿਹਾ
ਪੈਰਾਂ 'ਚ
ਛਾਵਾਂ ਉਤਾਰਦਾ ਰਿਹਾ

-0-

ਪੱਤਿਆਂ ਦਾ ਗਿਲਾ ਸੀ
ਕਿ ਰੁੱਖ ਤਣੇ ਟਹਿਣੀਆਂ
ਤੇ ਆਪਣੇ ਆਪ ਨੂੰ
ਠੰਡਿਆਂ ਰੱਖਣ ਲਈ
ਪੱਤਿਆਂ ਦੀ ਬਲੀ
ਅੱਗਣ ਨੂੰ ਚਾੜ੍ਹਦਾ ਰਿਹਾ

-0-

ਰੁੱਖ ਦੀਆਂ ਅੱਖਾਂ 'ਚ
ਅੱਥਰੂ ਆ ਗਏ
ਰੁੱਖ ਬੋਲਿਆ
ਜੇ ਮੇਰੇ ਵੱਸ ਹੁੰਦਾ
ਮੈਂ ਸਿਰ ਚੋਂ ਜੜ੍ਹਾਂ ਉੱਗਾ ਲੈਂਦਾ
ਮੇਰੇ ਖ਼ੂਨ ਦੇ ਕਤਰੇ ਪੱਤਿਓ
ਮੇਰੇ ਬੱਚਿਓ
ਮੈਂ ਆਪਣੀ ਜੜ੍ਹ 'ਚ
ਤੁਹਾਨੂੰ ਵਸਾ ਲੈਂਦਾ
ਆਪਣੀਆਂ ਪਲਕਾਂ ਦੀ
ਛਾਵੇਂ ਬਿਠਾ ਲੈਂਦਾ

-0-

ਪਰ ਮੈਂ ਤਾਂ
ਉਸਦਾ ਭਾਣਾ ਮੰਨਦਾ ਹਾਂ

ਭਾਣੇ 'ਚ ਰਹਿੰਦਾ ਹਾਂ
ਭਾਣੇ 'ਚ
ਬੀਜ ਚੋਂ ਉੱਗ ਪੈਂਦਾ ਹਾਂ
ਭਾਣੇ 'ਚ ਤੁਹਾਨੂੰ
ਆਪਣੇ ਚੋਂ ਉੱਗਾਉਂਦਾ ਹਾਂ

-0-

ਤੁਸੀਂ ਅੱਗਣ ਦੀ ਬਲੀ ਚੜ੍ਹ ਕੇ
ਆਪਣਾ ਜੀਵਨ ਦਾਨ ਕਰਦੇ ਹੋ
ਜੀਵਨ ਚੋਂ
ਮੌਤ ਚੂਸਦੇ ਹੋ
ਜੀਵਨ ਨੂੰ
ਜੀਵਨ ਪ੍ਰਦਾਨ ਕਰਦੇ ਹੋ
ਇਸਦਾ ਫੱਲ
ਤੁਸੀਂ ਜਿਉਂਦੇ ਜੀਅ ਹੀ ਪਾਉਂਦੇ ਹੋ
ਸੁੱਕ ਕੇ ਝੜਦੇ ਹੋ
ਝੜਦੇ ਸਾਰ ਹੀ
ਮੇਰੇ ਚੋਂ ਫਿਰ ਪੁੰਗਰ ਆਉਂਦੇ ਹੋ

-----

## ਪਟੜੀਆਂ

ਸਮਾਨ ਅੰਤਰ ਚਲ਼ਦੀਆਂ ਹਨ
ਰੇਲ ਦੀਆਂ ਪਟੜੀਆਂ
ਕਿਤੇ ਵੀ ਨਹੀਂ ਮਿਲਦੀਆਂ
ਇਨ੍ਹਾਂ ਪਟੜੀਆਂ ਤੇ
ਰੇਲ ਚਲਦੀ ਹੈ
ਮਿਲਾਪ ਚਲਦਾ ਹੈ
ਵਿਛੋੜਾ ਚਲਦਾ ਹੈ
ਮੁਸਾਫ਼ਿਰ ਉਤਰਦੇ ਤੇ
ਚੜ੍ਹਦੇ ਹਨ
ਭਰਮ ਜਿਉਂਦਾ ਹੈ
ਭਰਮ ਦਾ ਸੰਸਾਰ ਚਲਦਾ ਹੈ

−0−

ਇਕ ਅਜ਼ਨਬੀ ਜਹਾਨ
ਪਟੜੀਆਂ ਦੇ
ਮੋਢਿਆਂ ਤੇ ਵਿਚਰਦਾ ਹੈ
ਮੰਜ਼ਿਲ ਤੋਂ ਮੰਜ਼ਿਲ ਤੱਕ
ਰਾਹ ਤੋਂ ਰਾਹ ਤੱਕ
ਜਮ੍ਹਾਂ ਤੋਂ ਮਨਫ਼ੀ ਤੱਕ
ਪਟੜੀਆਂ ਹਨ
ਜੋ ਮਿਲਾਉਂਦੀਆਂ ਹਨ
ਵਿਛੋੜਦੀਆਂ ਹਨ
ਬਸ ਆਪ ਸਮਾਨਅੰਤਰ
ਚਲਦੀਆਂ ਹਨ

−0−

ਪਟੜੀਆਂ ਤੇ ਦੌੜਦੀ
ਜ਼ਿੰਦਗੀ ਚਿਹਰਿਆਂ ਦਾ ਸਾਗਰ ਹੈ
ਜ਼ਿੰਦਗੀ ਦੇ ਵੱਖ ਵੱਖ ਪੜਾਅ ਹਨ
ਵਿਚਰਨ ਹੈ ਦੁਆਲਾਂ ਹੈ
ਜ਼ਿੰਦਗੀ ਦੇ ਭਰਮ ਦਾ
ਪਸਾਰਾ ਹੈ

-0-

ਜ਼ਿੰਦਗੀ ਦੇ ਉਤਰਾਅ ਹਨ
ਚੜ੍ਹਾਅ ਹਨ
ਪਰ ਪਟੜੀਆਂ
ਜ਼ਿੰਦਗੀ ਦੇ ਭਰਮ 'ਚ
ਵਿਚਰਦੀਆਂ ਵੀ
ਭਰਮ ਤੋਂ ਨਿਰਲੇਪ ਰਹਿੰਦੀਆਂ ਹਨ
ਮੋਢਿਆਂ ਤੇ ਚੁੱਕੇ ਭਰਮ 'ਚ
ਸ਼ਿਰਕਤ ਨਹੀਂ ਕਰਦੀਆਂ
ਬਸ ਸਮਾਨਅੰਤਰ
ਵਹਿੰਦੀਆਂ ਹਨ

-0-

ਜ਼ਿੰਦਗੀ ਵਾਂਗ
ਪਟੜੀਆਂ ਤੇ ਦੌੜਦੀ ਗਤੀ
ਰੁਕਦੀ ਨਹੀਂ
ਸਰਪਟ ਦੌੜਦੀ ਹੀ ਜਾ ਰਹੀ ਹੈ
ਆਦਿ ਤੋਂ ਅੰਤ ਵੱਲ
ਅੰਤ ਤੋਂ ਆਦਿ ਵੱਲ

-0-

ਮੁਸਾਫ਼ਿਰਾਂ ਨੂੰ
ਜਿੱਥੇ ਮੰਜ਼ਿਲ ਮਿਲਦੀ ਹੈ
ਪਟੜੀਆਂ ਤੇ ਦੌੜਦੀ ਗਤੀ ਨੂੰ
ਜਿੱਥੇ ਆਦਿ ਦਾ ਅੰਤ
ਮਿਲਦਾ ਹੈ
ਉਥੇ ਅੰਤ ਚੋਂ ਆਦਿ ਜਨਮਦਾ ਹੈ
ਸਫ਼ਰ ਦਾ ਅੰਤ
ਆਦਿ 'ਚ ਬਦਲਦਾ ਹੈ
ਸਫ਼ਰ ਨਹੀਂ ਮੁੱਕਦਾ
ਕਦੀ ਰੇਲ ਹੇਠ ਪਟੜੀਆਂ
ਕਦੀ ਪਟੜੀਆਂ ਤੇ ਰੇਲ
ਕਦੀ ਸਿੱਧੇ ਕਦੀ ਪੁੱਠੇ ਪੈਰੀਂ
ਦੌੜਦੀ ਹੈ

-0-

ਪਟੜੀਆਂ ਆਪਣੇ ਤੇ ਦੌੜਦੇ
ਸੰਸਾਰਕ ਮਿਲਾਪ
ਵਿਛੋੜੇ ਦੇ ਭਰਮ ਦੀਆਂ
ਸੁਆਰਥੀ ਨਹੀਂ ਹਨ
ਆਪਣੇ ਤੇ ਦੌੜਦੇ ਭਰਮ 'ਚ
ਆਪਣਾ ਸੱਚ ਨਹੀਂ ਗੁਆਉਂਦੀਆਂ
ਆਪਣੇ ਆਦਿ ਦਾ
ਅੰਤ ਨਹੀਂ ਪਾਉਂਦੀਆਂ
ਆਦਿ ਦੇ ਸੱਚ ਨਾਲ
ਜਨਮਦੀਆਂ ਹਨ

ਆਦਿ ਦੇ ਸੱਚ 'ਚ
ਵਿਚਰਦੀਆਂ ਹਨ
ਆਦਿ ਦੇ ਸੱਚ 'ਚ
ਮਰਦੀਆਂ ਹਨ
ਨਾ ਕਦੀ ਆਪਣਾ ਸੱਚ
ਵਿਸਾਰਦੀਆਂ ਹਨ
ਨਾ ਆਪਣੇ ਮੋਢਿਆਂ ਤੇ ਦੌੜਦੇ
ਭਰਮੀ ਸੰਸਾਰ 'ਚ
ਆਪਾ ਸ਼ੁਮਾਰਦੀਆਂ ਹਨ
ਪਟੜੀਆਂ
ਸਮਾਨਅੰਤਰ ਚਲਦੀਆਂ ਹਨ
ਨਾ ਵਿਛੜਦੀਆਂ ਹਨ
ਨਾ ਮਿਲਦੀਆਂ ਹਨ

-----

## ਲਖਸ਼ ਦਾ ਵਜ਼ੂਦ

ਇਹ ਜ਼ਰੂਰੀ ਨਹੀਂ
ਮਸਤਕ 'ਚ ਲਖਸ਼
ਨਜ਼ਰ 'ਚ ਅਕਸ ਹੋਵੇ
ਤੇ ਫਿਰ ਹੀ
ਪੈਰ ਪੁੱਟਿਆ ਜਾਏ
ਬੰਦਾ ਜ਼ਿੰਦਗੀ ਜੀਏ
ਜਿਉਂਦਾ ਹੀ ਨਾ ਮਰ ਜਾਏ
ਉਡੀਕਦੇ ਸਫ਼ਰ ਦਾ ਕਰਜ਼ਾ
ਨਾ ਜ਼ਿੰਦਗੀ ਸਿਰ ਧਰ ਜਾਏ

-0-

ਜਿਉਣਾ
ਆਪਣੇ ਆਪ 'ਚ
ਇਕ ਲਖਸ਼ ਹੈ
ਜਿਉਣਾ ਹੀ
ਜ਼ਿੰਦਗੀ ਦਾ ਅਕਸ ਹੈ
ਪੈਰ ਪੁੱਟੋਗੇ
ਤਾਂ ਰਾਹ ਆਪ ਜਨਮਣਗੇ
ਸਫ਼ਰ ਕਰੋਗੇ
ਤਾਂ ਮੰਜ਼ਿਲ ਪੁਕਾਰੇਗੀ
ਵੀਰਾਨ ਰਾਹਾਂ 'ਚ
ਰੰਗ ਮਹਿਕਾਂ ਬਾਹਰਾਂ
ਉਤਾਰੇਗੀ

-0-

ਜਿੱਧਰ ਵੀ ਪੈਰ ਪੁੱਟੇ

ਉੱਧਰ ਹੀ ਰੁੱਖ ਮਿਲੇ
ਜਿੱਧਰ ਵੀ ਕਦਮ ਤੁਰੇ
ਉਧਰ ਹੀ ਪੈਰਾਂ ਨੂੰ ਰਾਹ ਜੁੜੇ
ਸੱਚ ਸੀ
ਮਸਤਕ 'ਚ ਨਾ ਲਖਸ਼ ਸੀ
ਨਜ਼ਰਾਂ 'ਚ ਨਾ ਅਕਸ ਸੀ
ਫਿਰ ਵੀ ਪੈਰਾਂ
ਮੰਜ਼ਿਲ ਨੂੰ ਪਾ ਲਿਆ
ਨਜ਼ਰਾਂ ਨੂੰ ਘਰ
ਨਜ਼ਰ ਆ ਗਿਆ

-0-

ਵਿਹੜਾ ਧਰਤ ਸੀ
ਛੱਤ ਅਸਮਾਨ ਸੀ ਜਿਸਦਾ
ਜਗਦੀ ਚਾਂਦਨੀ ਸੀ
ਚੰਨਾਂ ਤਾਰਿਆਂ ਦਾ ਸਾਥ ਸੀ
ਜਿਸਦਾ
ਸੰਕਲਪ 'ਚ ਸਿਰਜਿਆ
ਅਘਰਵਾਸ ਸੀ
ਪਰ ਇਕ ਘਰ ਦਾ
ਦਿਲ ਨੂੰ ਅਹਿਸਾਸ ਸੀ

-0-

ਇਸ ਘਰ ਦੀ
ਵਸਤੂ ਸੰਸਾਰ ਜਿਹੇ ਘਰ ਦੀ
ਨਾ ਦਿੱਖ ਸੀ
ਨਾ ਨੁਹਾਰ ਸੀ

ਨਾ ਕੋਈ ਛੱਤ ਸੀ ਇਸਦੀ
ਨਾ ਕੋਈ ਦੀਵਾਰ ਸੀ
ਨਾ ਆਂਗਣ
ਨਾ ਬੂਹੇ ਬਾਰੀਆਂ
ਨਾ ਇਸ ਘਰ ਦਾ ਕੋਈ
ਮੁੱਖ ਦੁਆਰ ਸੀ
ਨਾ ਘਰ ਦੀ ਹੋਂਦ ਸੀ
ਨਾ ਘਰ ਦਾ ਵਜੂਦ ਸੀ
ਇਹ ਘਰ
ਦੀਵਾਰਾਂ ਵਲਗਣਾ ਤੋਂ ਰਹਿਤ ਸੀ
ਅਹਿਸਾਸ ਦੇ
ਘਰ ਦੀ ਬੁੱਕਲ 'ਚ
ਵਕਤ ਦੇ ਪਲ ਦਾ ਵਸੇਰਾ ਸੀ
ਇਹ ਘਰ ਘਰ ਸੀ
ਨਾ ਤੇਰਾ ਸੀ ਨਾ ਮੇਰਾ ਸੀ

-0-

ਇਸ ਘਰ 'ਚ ਰਹਿ ਕੇ
ਮੇਰਾ ਬਿੰਦੂ
ਬਿੰਦੂ ਤੋਂ ਫੈਲਿਆ
ਦਾਇਰਿਆਂ ਦਾ ਦਾਇਰਾ ਹੋ ਗਿਆ
ਇਕ ਕਤਰਾ ਸਾਗਰ ਹੋ ਗਿਆ
ਇਕ ਜ਼ਰਾ ਸਹਿਰਾ ਹੋ ਗਿਆ

-0-

ਮੇਰੇ ਮਸਤਕ ਦੀ ਜੋਤ

ਹਰ ਮਨੁੱਖ ਦੇ ਮਸਤਕ 'ਚ
ਜਗੀ
ਮਨੁੱਖਤਾ ਦੇ ਮੱਥੇ ਜਗਦੀ
ਬ੍ਰਹਿਮੰਡਕ ਜੋਤ ਦਾ
ਮੈਂ ਵਸੇਰਾ ਹੋ ਗਿਆ
ਮੇਰੀ ਇਕਾਈ ਦਾ
ਧਰਤ ਦੇ ਹਰ ਜ਼ਰੇ ਜ਼ਰੇ 'ਚ
ਡੇਰਾ ਹੋ ਗਿਆ

-0-

ਮੈਂ ਚੌਹਾਂ ਕੰਧਾਂ ਦੇ ਘਰ ਦੀ
ਚਾਰਦੀਵਾਰੀ ਚੋਂ ਨਿਕਲਿਆ
ਧਰਤੀ ਆਕਾਸ਼ ਸਾਰਾ ਸੰਸਾਰ
ਮੇਰਾ ਘਰ ਹੋ ਗਿਆ
ਮੇਰੀ ਚੇਤਨਾ
ਮੇਰੀ ਦੇਹ ਦੀ ਬੁੱਕਲ ਤਿਆਗ
ਵਿਸ਼ਵ ਚੇਤਨਾ ਦਾ
ਰੂਪ ਹੋ ਗਈ
ਇਕ ਛਿੱਟ ਚਾਨਣ ਦੀ
ਲੱਖਾਂ ਸੂਰਜਾਂ ਦਾ ਸਰੂਪ ਹੋ ਗਈ

-0-

ਅੱਜ ਮੈਂ
ਬਿੰਦੂ ਤੋਂ ਦਾਇਰਿਆਂ ਦਾ
ਦਾਇਰਾ ਹਾਂ
ਏਨਾ ਵਿਸ਼ਾਲ ਉੱਚਾ ਤੇ ਗਹਿਰਾ ਹਾਂ

ਕਿ ਧਰਤੀ
ਮੇਰੇ ਇਕ ਪੈਰ ਦਾ ਸਫ਼ਰ ਹੈ
ਆਕਾਸ਼
ਮੇਰੀ ਇਕ ਨਜ਼ਰ 'ਚ ਹੈ
ਮੈਂ ਬਿੰਦੂ 'ਚ ਦਾਇਰਾ
ਦਾਇਰਿਆਂ 'ਚ
ਬਿੰਦੂਆਂ ਦਾ ਵਾਸ ਹਾਂ

-0-

ਮੈਂ ਬਿੰਦੂ ਹੀ
ਦਾਇਰਾ ਬਣਕੇ ਛਾਇਆ ਹਾਂ
ਬਿੰਦੂ 'ਚੋਂ ਜਨਮਿਆ
ਬਿੰਦੂ 'ਚ ਸਮਾਇਆ ਹਾਂ
ਮੈਂ ਆਪਣੇ ਲਖਸ਼ ਨੂੰ
ਬਿੰਦੂ 'ਚ ਨਹੀਂ ਬੰਨ੍ਹਿਆ
ਮੈਂ ਆਪਣੇ ਅਕਸ ਨੂੰ
ਹੱਦਾਂ 'ਚ ਨਹੀਂ ਰੱਖਿਆ
ਮੈਂ ਸੁਤੰਤਰ ਸ਼ਬਦ ਨੂੰ
ਸੁਤੰਤਰ ਅਰਥ ਦਿੱਤੇ ਹਨ
ਖੁੱਲ੍ਹੇ ਅਸਮਾਨ ਧਰਤੀਆਂ
ਪੈਰਾਂ 'ਚ ਰੱਖ ਦਿੱਤੇ ਹਨ

------

## ਧੂੰਆਂ ਤੇ ਉਹ

ਉਹ ਚਮਨ 'ਚ ਆਇਆ
ਚਮਨ 'ਚ ਫੈਲਿਆ ਧੂੰਆਂ
ਤੇ ਗੰਧ ਲਹੂ ਦੀ ਸੀ ਆ ਰਹੀ
ਇਹ ਧੂੰਆਂ
ਕਿੱਥੋਂ ਉੱਠ ਰਿਹਾ ਹੈ
ਇਹ ਗੰਧ
ਕਿੱਥੋਂ ਆ ਰਹੀ ਹੈ
ਉਹ ਸਮਝ ਨਹੀਂ ਸੀ ਪਾ ਰਿਹਾ

-0-

ਉਸ ਚਮਨ ਦੇ ਮਾਲੀ ਨੂੰ
ਪੁੱਛਿਆ
ਕਿਸ ਦੇ ਬ੍ਰਿਹਾ ਨੇ
ਕੋਇਲ ਦਾ ਦਿਲ ਜਲਾਇਆ ਹੈ
ਇਹ ਗੰਧ ਤੇ ਧੂਆਂ
ਜੋ ਉਸਨੂੰ ਨਜ਼ਰ ਆਇਆ ਹੈ
ਫੁੱਲ ਪੱਤੀਆਂ ਰੰਗ ਖ਼ੁਸ਼ਬੂਆਂ
ਗਈਆਂ ਧੁੰਆਖੀਆਂ
ਬਹਾਰ ਦੀ ਥਾਂ ਚਮਨ 'ਚ
ਅੱਗਣ ਰੁੱਤਾਂ ਆ ਗਈਆਂ

-0-

ਉਸ ਤੱਕਿਆ
ਸ਼ਹਿਰ ਦੀਆਂ ਸੜਕਾਂ ਤੇ
ਫੈਲਿਆ ਗੰਧ ਤੇ ਧੂਆਂ
ਉਸ ਸੋਚਿਆ

ਬਲਿਆ ਹੈਂ ਬਦਨ ਸ਼ਹਿਰ ਦਾ
ਧੁੱਖੀ ਹੈ
ਹਰ ਕੰਧ ਤੇ ਹਰ ਘਰ ਸ਼ਹਿਰ ਦਾ
ਝੁਲਸਿਆ ਗਿਆ ਹੈ
ਚਿਹਰਾ ਤੇ ਅੰਗ ਅੰਗ ਸ਼ਹਿਰ ਦਾ
ਗੰਧ ਹੰਢਾਉਂਦੀ
ਮਰ ਗਈ ਸੁਗੰਧ ਸ਼ਹਿਰ ਦੀ

-0-

ਰਾਖ਼ ਹੋਏ ਸ਼ਹਿਰ ਦੇ
ਬੂਹੇ ਤੇ ਬਾਰੀਆਂ
ਝੁਲਸ ਗਿਆ ਹੈ ਅੱਗਾ
ਤੇ ਕੰਡ ਸ਼ਹਿਰ ਦੀ
ਸੜ ਗਏ ਜਿਸਮਾਂ ਦੀ
ਹਰ ਖ਼ੁਸ਼ਬੂ ਬਦਬੂ ਹੈ
ਕਿਸੇ ਨੇ ਕੋਲੇ ਕੀਤੀ ਸ਼ਹਿਰ ਦੀ
ਰੂਹ ਹੈ

-0-

ਜਦ ਚਮਨ ਨਾ ਸ਼ਹਿਰ ਹੀ
ਕੁੱਝ ਬੋਲਿਆ
ਇਸ ਚੁੱਪ 'ਚ
ਉਸ ਦਿਲ ਦਾ ਦਰਵਾਜ਼ਾ ਖੋਲ੍ਹਿਆ
ਧੂੰਆਂ ਤੇ ਗੰਧ ਨਾ ਸ਼ਹਿਰ ਚੋਂ
ਨਾ ਚਮਨ ਚੋਂ ਸੀ ਆ ਰਹੇ
ਦਿਲ ਸੀ
ਉਸਦਾ ਅਪਣਾ ਹੀ ਧੁੱਖ ਰਿਹਾ

ਦਿਲ ਚੋਂ ਹੀ ਨਿਕਲਦਾ
ਧੂੰਆਂ ਸੀ ਜਾਪਦਾ
ਗੰਧ ਦਿਲ ਦੇ ਸੜਣ ਦੀ ਸੀ
ਦਿਲ ਹੰਢਾ ਰਿਹਾ

–0–

ਉਸਦੇ ਦਿਲ ਦੀ ਕਲੀ ਸੀ
ਜਲ ਗਈ
ਸ਼ਹਿਰ
ਉਸਦੇ ਸੁਫ਼ਨਿਆਂ ਦੀ ਰਾਖ਼
ਕਰ ਗਈ
ਚਮਨ
ਉਸਦੀਆਂ ਨਜ਼ਰਾਂ ਦਾ ਲੂਹ ਗਈ
ਮਹਿਕ
ਉਸਦੀ ਲਹੂ ਦੀ ਗੰਧ ਹੋ ਗਈ

–0–

ਉਸਨੂੰ ਯਾਦ ਆਇਆ
ਉਹ ਚਮਨ ਵੀ ਆਪ ਸੀ
ਸ਼ਹਿਰ ਵੀ ਆਪ ਸੀ
ਸੜ ਗਏ ਦਿਲ ਦਾ
ਧੂੰਆਂ ਗੰਧ ਤੇ ਰਾਖ਼ ਵੀ
ਆਪ ਸੀ

–0–

ਰਾਖ਼ ਹੋਏ
ਉਸਦੇ ਦਿਲ ਨੇ ਪੁਕਾਰਿਆ

ਤੂੰ ਹੀ ਸੜ ਗਿਆ
ਚਮਨ ਹੈ ਸ਼ਹਿਰ ਹੈ
ਇਹ ਧੂੰਆਂ
ਤੇਰੇ ਚੋਂ ਉੱਠ ਰਿਹਾ ਹੈ
ਇਹ ਗੰਧ ਤੇਰੇ ਚੋਂ ਆ ਰਹੀ ਹੈ
ਖ਼ਬਰ ਤੇਰੇ ਚੋਂ
ਤੇਰੇ ਮਰਨ ਦੀ
ਰੁੱਖਾਂ ਦੇ ਜੰਗਲ ਤੋਂ
ਸ਼ੀਸ਼ੇ ਦੇ ਸ਼ਹਿਰ ਤੱਕ
ਫੈਲਦੀ ਹੀ ਜਾ ਰਹੀ ਹੈ

------

## ਲੋਹੇ ਦਾ ਮਨੁੱਖ

ਉਸਦੇ ਚਿਹਰੇ ਤੇ
ਤਲਵਾਰਾਂ ਦੇ ਟੱਕਾਂ ਦੇ ਦਾਗ਼
ਸਨ
ਨਜ਼ਰਾਂ 'ਚ ਯੁੱਧਾਂ ਦੇ ਮੈਦਾਨ
ਹੇਠ ਘੋੜਾ ਪਿੱਠ ਤੇ ਢਾਲ
ਹੱਥ ਤਲਵਾਰ ਸੀ
ਉਹ ਪੌਣਾਂ ਦਾ ਸ਼ਾਹ ਅਸਵਾਰ
ਸੀ

-0-

ਸੈਨਕਾਂ ਹਾਥੀਆਂ ਘੋੜਿਆਂ
ਰੱਥਾਂ ਤੇ ਫੌਜਾਂ ਦਾ ਕਤਲ
ਉਸਦਾ ਕਾਰੋਬਾਰ ਸੀ
ਫ਼ਤਹਿ ਦਾ ਹਰ ਵਕਤ
ਉਸਦੇ ਮੱਥੇ 'ਚ ਜਗਦਾ
ਚਰਾਗ਼ ਸੀ

-0-

ਚਟਾਨ ਜਿਹਾ ਉਸਦਾ
ਜਿਸਮ
ਪੱਥਰ ਜਿਹੀ
ਉਸਦੀ ਨੁਹਾਰ ਸੀ
ਹਰ ਵਕਤ
ਸਿਰਾਂ ਦੀ ਬਲੀ ਮੰਗਦੀ
ਉਸਦੀ ਤਲਵਾਰ ਸੀ
ਉਸਨੂੰ ਆਪਣੀ ਫ਼ਤਹਿ

ਤੇ ਦੁਸ਼ਮਣ ਦੀ ਹਾਰ ਸੰਗ
ਪਿਆਰ ਸੀ
ਉਸਦੀਆਂ ਅੱਖ੍ਹਾਂ
ਬਲਦਾ ਦਾਵਾਨਲ ਸਨ
ਉਸਦਾ ਜਿਸਮ
ਦਗ਼ਦਾ ਅੰਗਿਆਰ ਸੀ

-0-

ਉਸ ਲੋਹੇ ਦੇ ਮਨੁੱਖ ਨੇ
ਥਲਾਂ 'ਚ ਦਮ ਤੋੜਦੀ
ਇਕ ਮੁਟਿਆਰ ਨੂੰ ਤੱਕਿਆ
ਜਿਸਦੇ ਹੁਸਨ ਦੀ ਅੱਗ
ਨਾ ਸੂਰਜ ਨਾ ਥਲ ਠਾਰ
ਹੀ ਸਕਿਆ
ਸਗੋਂ ਮੁਟਿਆਰ ਦੇ ਹੁਸਨ ਨੇ
ਸੂਰਜ ਤੇ ਥਲ ਠਾਰ ਸੀ ਧਰਿਆ

-0-

ਘੋੜ ਅਸਵਾਰ ਨੇ
ਸੁੰਦਰਤਾ ਦੀ ਹੱਦ ਅੰਤ
ਥਲ 'ਚ ਠਰ ਗਈ ਤੱਕੀ
ਤੇ ਹੈਰਾਨ ਹੋ ਗਿਆ
ਸ਼ਬਨਮ ਦਾ ਹੁਸਨ
ਸੁੰਦਰਤਾ ਤੇ ਸੰਕਲਪ ਤੇ ਖਾਬ੍ਹ ਦੀ
ਜੋ ਤਾਬੀਰ ਸੀ
ਥਲ 'ਚ ਸੜਕੇ ਮਰਨਾ
ਉਸਦੀ ਅਖ਼ੀਰ ਸੀ

-0-

ਨਕਸ਼ ਛਾਲੇ ਹੋ ਗਏ
ਕੋਇਲੇ ਹੋਇਆ ਸਰੀਰ ਸੀ
ਅੱਖ ਝਪਕਣ ਦੇ ਇਸ਼ਾਰੇ ਤੇ
ਜਿਹਦੇ
ਚੜ੍ਹਦਾ ਤੇ ਡੁੱਬਦਾ ਸੀ ਸੂਰਜ
ਤਾਰਿਆਂ ਦੀ ਜੋ
ਘੜਦੀ ਤਕਦੀਰ ਸੀ
ਅੱਜ ਰੇਤ ਦੇ ਜ਼ਰਿਆਂ ਦੇ
ਹੱਥਾਂ ਦੀ ਲਕੀਰ ਸੀ

-0-

ਮੌਤ ਦੀ ਮੌਤ ਦੀ ਮੌਤ
ਉਸਤੋਂ ਬਰਦਾਸ਼ਤ ਨਾ ਹੋਈ
ਸਦਮੇ ਨੇ
ਉਸਦੀ ਰੂਹ ਸੋਗ ਨਾਲ ਭਰ
ਦਿੱਤੀ
ਉਹ ਘੋੜੇ ਤੋਂ ਉਤਰਿਆ
ਮਿਆਨ ਚੋਂ ਤਲਵਾਰ ਖਿੱਚੀ
ਉਸ ਲਾਸ਼ ਦੇ ਕਦਮਾਂ 'ਚ
ਧਰ ਦਿੱਤੀ
ਆਪਣਾ ਆਪ
ਉਸ ਲਾਸ਼ ਨੂੰ ਅਰਪਣ ਕਰ
ਦਿੱਤਾ
ਸਭ ਕੁੱਝ
ਆਪਣੇ ਜਿਸਮ ਤੋਂ ਉਤਾਰ ਕੇ
ਉਸ ਲਾਸ਼ ਦੇ ਅੱਗੇ ਧਰ ਦਿੱਤਾ

-0-

ਤੱਕਿਆ ਚਿਹਰਾ
ਜਦ ਮੁਰਦਾ ਹੁਸਨ ਦਾ
ਉਸ ਆਪਣਾ ਸਿਰ
ਕੱਟ ਕੇ ਤਲੀ ਤੇ ਧਰ ਲਿਆ
ਸੀਸ ਦੇ ਕੇ ਆਪਣਾ
ਹੁਸਨ ਨੂੰ ਵਰ ਲਿਆ
ਸੋਚਿਆ
ਜੇ ਲਾਸ਼ ਏਨੀ ਹੁਸੀਨ ਹੈ
ਤਾਂ ਉਹ
ਕਿਹੜੀ ਜ਼ਮੀਨ ਹੈ
ਜਿਉਂਦਿਆਂ ਜੀਅ
ਜਿਸ ਤੇ ਪੈਰ ਧਰਦੀ ਸੀ
ਉਹ ਕਿਹੜਾ ਅਸਮਾਨ ਹੈ
ਜਿਸ ਹੇਠ ਤੁਰਦੀ ਸੀ

-0-

ਜਿਸ ਲਾਸ਼ ਦੇ ਜ਼ਲਾਲ ਨੇ
ਸੂਰਜ ਨੂੰ ਠਾਰਿਆ
ਥਲ ਨੂੰ ਠਾਰਿਆ
ਉਹ ਕਿਹੜਾ ਰੱਬ ਹੈ
ਜਿਸ ਮੁਜ਼ੱਸਮਾਂ ਹੁਸਨ ਦਾ
ਧਰਤੀ ਤੇ ਉਤਾਰਿਆ
ਹੋ ਕੇ ਵੱਖ ਹੁਸਨ ਤੋਂ
ਦੀਵਾਨਾ ਹੋ ਗਿਆ ਹੋਣੈ
ਆਪਣੇ ਆਪ ਲਈ
ਉਹ ਰੱਬ ਬੇਗ਼ਾਨਾ ਹੋ ਗਿਆ ਹੋਣੈ

-0-

ਉਹ ਸੂਰਮਾਂ
ਉਸ ਲਾਸ਼ ਤੇ ਹੀ ਡੁੱਲ੍ਹ ਗਿਆ
ਲਾਸ਼ ਦੇ ਸੰਗ ਲਾਸ਼ ਹੋਇਆ
ਆਪਣੇ ਆਪ 'ਚ
ਜਿਉਣਾ ਭੁੱਲ ਗਿਆ
ਉਹ ਘੋੜੇ ਤੇ ਆਇਆ ਸੀ
ਹੁਣ ਪੈਦਲ ਸ਼ਾਹ ਅਸਵਾਰ ਸੀ
ਨਾ ਸਿਰ ਤੇ ਤਾਜ਼ ਸੀ
ਨਾ ਹੱਥ 'ਚ ਤਲਵਾਰ ਸੀ
ਇਕ ਜਿਉਂਦੀ ਲਾਸ਼ ਦਾ
ਉਸਦੇ ਮੋਢਿਆਂ ਤੇ ਭਾਰ ਸੀ
ਪੈਰਾਂ 'ਚ
ਉਸਦੇ ਸਫ਼ਰ ਸੀ
ਮੱਥੇ 'ਚ ਉਸਦੇ ਹਾਰ ਸੀ

------

ਹੋਣਾ

ਉਸਨੂੰ ਜਾਣਨ ਤੋਂ ਪਹਿਲਾਂ
ਆਗਿਆਨਤਾ ਨੂੰ ਜਾਣ
ਜੇ ਅਗਿਆਨਤਾ ਨੂੰ ਜਾਣੇਗਾ
ਤਾਂ ਉਸਨੂੰ ਪਹਿਚਾਣੇਗਾ
ਜੋ ਅਗਿਆਨਤਾ 'ਚ ਬੈਠਾ ਹੈ
ਜਿਸ ਅਗਿਆਨਤਾ ਬੀਜੀ ਹੈ
ਉੱਗਾਈ ਹੈ ਕੱਟੀ ਹੈ ਹੰਢਾਈ ਹੈ

−0−

ਉਸ ਵਿਚਲੀ ਅਗਿਆਨਤਾ
ਕਿੰਨੀ ਸੰਘਣੀ ਹੈ
ਕਿੰਨੀ ਗਹਿਰੀ ਹੈ
ਕਿੰਨੀ ਵਿਸ਼ਾਲ ਹੈ
ਇਸ ਸੱਚ ਨੂੰ ਜਾਣਨ ਲਈ
ਐ ਗਿਆਨ
ਤੈਨੂੰ ਆਪਣਾ ਖੋਲ
ਉਤਾਰਨਾ ਪਏਗਾ
ਤੇ ਆਪਣੇ ਆਪ ਨੂੰ
ਅਗਿਆਨਤਾ ਦੇ ਸੱਚ 'ਚ
ਢਾਲਣਾ ਪਏਗਾ

−0−

ਜੇ ਗਿਆਨ ਸੰਗ
ਅਗਿਆਨਤਾ ਨੂੰ ਜਾਣਨਾ
ਚਾਹੁੰਦਾ ਹੈ
ਤਾਂ ਜਾਣ ਸਕਦਾ ਹੈਂ

ਪਰ ਅਗਿਆਨਤਾ ਹੋ
ਨਹੀਂ ਸਕਦਾ
ਜਾਣਨਾ ਤੇ ਹੋਣਾ
ਹੋਣਾ ਤੇ ਜਾਣਨਾ
ਦੋ ਅਲੱਗ ਬਿੰਦੂ ਹਨ
ਸਮਾਨਤਾ 'ਚ ਵਿਰੋਧ ਨਹੀਂ ਹੁੰਦਾ
ਵਿਰੋਧ ਬਿਨ
ਸਮਾਨਤਾ ਸਿਰਜਕ ਨਹੀਂ ਹੁੰਦੀ

-0-

ਜਾਣਨਾ ਹੋਣ ਦਾ ਸੱਚ ਨਹੀਂ
ਹੋਣਾ ਜਾਣਨ ਦਾ ਸੱਚ ਨਹੀਂ
ਜਾਣਨ ਦਾ ਸੱਚ ਜਾਣਨ ਲਈ
ਹੋਣੇ ਨੂੰ ਜਾਣਨ ਹੋਣਾ ਪਏਗਾ
ਹੋਣੇ ਦਾ ਸੱਚ ਜਾਣਨ ਲਈ
ਜਾਣਨ ਨੂੰ ਹੋਣਾ ਪਏਗਾ
ਹਨ੍ਹੇਰੇ ਨੂੰ ਜਾਣਨ ਲਈ
ਚਾਨਣ ਨੂੰ ਹਨ੍ਹੇਰਾ ਹੋਣਾ ਪਏਗਾ
ਚਾਨਣ ਨੂੰ ਜਾਣਨ ਲਈ
ਹਨ੍ਹੇਰੇ ਨੂੰ ਚਾਨਣ ਹੋਣਾ ਪਏਗਾ

-0-

ਇਹ ਕਲਬੂਤ ਤੋਂ
ਰੂਹ ਦਾ ਸਫ਼ਰ ਹੈ
ਰੂਹ ਤੋਂ ਕਲਬੂਤ ਦਾ ਸਫ਼ਰ ਹੈ
ਜਦ ਤੱਕ
ਰੂਹ ਕਲਬੂਤ ਨਹੀਂ ਹੁੰਦੀ

ਕਲਬੂਤ ਰੂਹ ਨਹੀਂ ਹੁੰਦਾ
ਦੋਵੇਂ ਹੀ
ਇਕ ਦੂਜੇ ਦੇ ਅਸਲ ਸੱਚ ਤੋਂ
ਅਣਜਾਣ ਰਹਿੰਦੇ ਹਨ

–0–

ਖ਼ੁਸ਼ਬੂ
ਜਦ ਗੰਧ ਨੂੰ ਜਨਮਦੀ ਹੈ
ਤਾਂ ਗੰਧ ਨੂੰ
ਕੁੱਖ ਦਾ ਗਿਆਨ ਨਹੀਂ ਹੁੰਦਾ
ਕੁੱਖ ਨੂੰ ਆਪਣੀ ਉਤਪੱਤੀ ਦਾ
ਗਿਆਨ ਹੁੰਦਾ ਹੈ
ਇਹ ਗਿਆਨ ਹੀ
ਖ਼ੁਸ਼ਬੂ ਦਾ ਸੱਚ ਹੈ
ਇਹ ਗਿਆਨ ਹੀ
ਗੰਧ ਦਾ ਸੱਚ ਹੈ

–0–

ਖ਼ੂਬਸੂਰਤੀ ਚੋਂ
ਜਦ ਕੋਹੜ ਜਨਮਦਾ ਹੈ
ਤਾਂ ਕੋਹੜ ਨੂੰ
ਆਪਣੇ ਬੀਜ ਦਾ ਗਿਆਨ
ਨਹੀਂ ਹੁੰਦਾ
ਬੀਜ ਨੂੰ ਆਪਣੇ ਫੱਲ ਦਾ
ਗਿਆਨ ਹੁੰਦਾ ਹੈ
ਫੱਲ 'ਚ ਬੀਜ ਹੁੰਦਾ ਹੈ

ਬੀਜ 'ਚ ਫੱਲ ਹੁੰਦਾ ਹੈ
ਦੋਹਾਂ ਦਾ ਰੁੱਖ ਹੀ ਸੱਚ ਹੁੰਦਾ ਹੈ

-0-

ਸੱਚ ਤੋਂ ਝੂਠ ਜਨਮਦਾ ਹੈ
ਸੱਚ ਝੂਠ ਲਈ
ਅੰਕੁਰ ਦਾ ਗਿਆਨ ਹੈ
ਅੰਕੁਰ ਵਿਸਥਾਰ ਦਾ ਸੱਚ ਹੈ
ਵਿਸਥਾਰ ਅੰਕੁਰ ਦਾ ਸੱਚ ਹੈ
ਇਹ ਸੱਚ ਹੀ ਦੋਹਾਂ ਦਾ ਸੱਚ ਹੈ

-0-

ਗਿਆਨ ਲਈ
ਅਗਿਆਨਤਾ ਦਾ
ਚਾਨਣ ਲਈ ਹਨ੍ਹੇਰੇ ਦਾ
ਖ਼ੁਸ਼ਬੂ ਲਈ ਗੰਧ ਦਾ
ਖ਼ੂਬਸੂਰਤੀ ਲਈ ਕੋਹਜ ਦਾ
ਸੱਚ ਲਈ ਝੂਠ ਦਾ
ਇਹ ਦੇਹ ਤੋਂ ਦੇਹ ਦਾ ਸਫ਼ਰ ਹੈ
ਦੇਹ ਤੋਂ ਕੁੱਖ ਦਾ ਨਹੀਂ
ਕੁੱਖ ਤੋਂ ਦੇਹ ਦਾ ਨਹੀਂ
ਅਹਿਸਾਸ ਤੋਂ ਯਥਾਰਥ ਦਾ ਨਹੀਂ

-0-

ਜਾਣਨ ਤੋਂ ਹੋਣ ਦਾ
ਹੋਣ ਤੋਂ ਜਾਣਨ ਦਾ ਸਫ਼ਰ
ਅਹਿਸਾਸ ਤੋਂ ਯਥਾਰਥ ਦਾ ਸਫ਼ਰ ਹੈ

ਜਾਣਨ ਤੋਂ ਹੋਣ ਦਾ ਹੋਣਾ
ਹੋਣ ਤੋਂ ਜਾਣਨ ਦਾ ਹੋਣਾ
ਗਿਆਨ ਚਾਨਣ ਖ਼ੁਸ਼ਬੂ
ਸੱਚ ਦਾ ਸੱਚ ਜਾਣਨਾ ਹੈ
ਅਗਿਆਨਤਾ ਹਨ੍ਹੇਰੇ ਕੋਹਜ
ਝੂਠ ਦੀ ਹੋਂਦ ਪਹਿਚਾਣਨਾ ਹੈ
ਸੱਚ ਦੀ ਹੋਂਦ
ਜੋ ਉਹ ਹੈ
ਜੋ ਅਗਿਆਨਤਾ 'ਚ ਬੈਠਾ ਹੈ
ਜਿਸ ਅਗਿਆਨਤਾ ਬੀਜੀ ਹੈ
ਉੱਗਾਈ ਹੈ ਕੱਟੀ ਹੈ ਹੰਢਾਈ ਹੈ

-0-

ਉਸਨੂੰ ਜਾਣਨ ਤੋਂ ਪਹਿਲਾਂ
ਅਗਿਆਨਤਾ ਨੂੰ ਜਾਣ
ਜੇ ਅਗਿਆਨਤਾ ਨੂੰ ਜਾਣੇਗਾ
ਤਾਂ ਉਸਨੂੰ ਪਹਿਚਾਣੇਗਾ
ਜੋ ਅਗਿਆਨਤਾ 'ਚ ਬੈਠਾ ਹੈ
ਜਿਸ ਅਗਿਆਨਤਾ ਬੀਜੀ ਹੈ
ਉੱਗਾਈ ਹੈ ਕੱਟੀ ਹੈ ਹੰਢਾਈ ਹੈ

------

## ਕੱਚੀ ਮੁਹੱਬਤ

ਉਹ ਦਰਿਆ ਦੇ
ਕਿੰਨਾਰੇ ਤੇ ਖੜੀ
ਤੂਫ਼ਾਨੀ ਤੇ ਅੱਥਰੇ ਦਰਿਆ
ਨੂੰ ਵੇਖਦੀ

-0-

ਅੰਬਰ ਤੇ
ਬੱਦਲਾਂ ਤੇ ਬਿਜਲੀ ਦੀ
ਗੜ ਗੜ
ਦਰਿਆ 'ਚ ਝੱਖੜ ਹਨ੍ਹੇਰੀ
ਉਸਦੇ ਮਸਤਕ 'ਚ ਉਤਰਦੇ
ਉਸਦੀਆਂ
ਅੱਖਾਂ 'ਚ ਤੈਰਦੇ
ਹਨ੍ਹੇਰੀ
ਉਸਦੇ ਜਿਸਮ ਦੇ ਅੰਗ ਤੇ ਨਕਸ਼
ਉਸਨੂੰ
ਦਰਿਆ ਕਿਨਾਰੇ ਖਿਲਾਰਦੀ
ਦਿੱਸੀ

-0-

ਉਹ ਦਰਿਆ ਨੂੰ ਤੱਕਦੀ
ਕਦੀ ਆਪਣੇ 'ਚ ਦਰਿਆ
ਕਦੀ ਦਰਿਆ 'ਚ
ਆਪਾ ਉਤਾਰਦੀ ਰਹੀ

-0-

ਤ੍ਰਿਕਾਲਾਂ ਦੀ ਗਈ
ਦਰਿਆ ਤੇ ਖੜੀ ਨੂੰ
ਰਾਤ ਹੋ ਗਈ
ਉਸਨੂੰ ਘੜੇ ਚੋਂ
ਘੜੇ ਦਾ ਸੱਚ ਨਜ਼ਰ ਆਇਆ
ਆਪਣੀ ਮੁਹੱਬਤ ਚੋਂ
ਮੁਹੱਬਤ ਦਾ ਸੱਚ ਨਜ਼ਰ ਆਇਆ

-0-

ਉਸਨੂੰ ਕੱਚੇ ਘੜੇ ਚੋਂ
ਕੱਚੀ ਮੁਹੱਬਤ ਚੋਂ
ਘੜੇ ਤੇ ਮੁਹੱਬਤ ਦੀ ਸਚਾਈ
ਨਜ਼ਰ ਆਈ
ਉਹ ਸਵੇਰ ਤੋਂ ਪਹਿਲਾਂ ਹੀ
ਘਰ ਪਰਤ ਆਈ

-0-

ਉਹ ਦਰਿਆ ਦੇ
ਕਿਨਾਰੇ ਤੇ ਖੜੀ
ਤੂਫ਼ਾਨੀ ਤੇ ਅੱਥਰੇ ਦਰਿਆ ਨੂੰ
ਵੇਖਦੀ

------

# ਸਮਾਧੀ

ਰੁੱਖ
ਆਪਣੀ ਸਮਾਧੀ 'ਚ ਬੈਠਾ
ਆਪਣੇ ਆਪ 'ਚ
ਇੰਨਾ ਉਤਰ ਗਿਆ
ਆਪਣੇ ਆਪ ਤੋਂ
ਏਨਾ ਦੂਰ ਆ ਗਿਆ
ਕਿ ਸਮਾਧੀ ਦੇ ਆਨੰਦ 'ਚ
ਆਪਣੇ ਪ੍ਰਾਣਾਂ ਦੀ ਗਤੀ ਵਿਧੀ ਵੀ
ਉਸਨੂੰ ਬੇਚੈਨਗੀ ਲੱਗੀ

-0-

ਜਿਨ੍ਹਾਂ ਪ੍ਰਾਣਾਂ ਸਦਕਾ
ਉਹ ਸਮਾਧੀ ਯੁਕਤ ਸੀ
ਉਹ ਪ੍ਰਾਣ ਹੀ
ਉਹ ਆਪਣੇ ਚੋਂ
ਮਨਫ਼ੀ ਕਰਨਾ ਚਾਹੁੰਦਾ ਸੀ
ਤੇ ਨਿਰਵਿਘਨ ਸਮਾਧੀ
ਦੀ ਲੀਨਤਾ 'ਚ
ਉਤਰ ਜਾਣਾ ਚਾਹੁੰਦਾ ਸੀ

-0-

ਉਸਨੇ
ਆਪਣੇ ਪ੍ਰਾਣ
ਆਪਣੇ ਚੋਂ ਮਨਫ਼ੀ ਕਰ ਦਿੱਤੇ
ਤੇ ਸਮਾਧੀ 'ਚ ਉਤਰ ਗਿਆ

ਉਹ ਹੁਣ
ਬਿਨ ਪ੍ਰਾਣ ਬਿਨ ਦੇਹ
ਸਮਾਧੀ 'ਚ ਲੀਨ ਸੀ

-0-

ਉਸਨੂੰ ਮਹਿਸੂਸ ਹੋਇਆ
ਇਸ ਤੋਂ ਪਹਿਲਾਂ
ਉਹ ਇਹੀ ਸਮਝਦਾ ਸੀ
ਕਿ ਜੇ ਪ੍ਰਾਣ ਹਨ
ਤਾਂ ਸਮਾਧੀ ਹੈ
ਪ੍ਰਾਣਾਂ ਬਿਨ
ਸਮਾਧੀ ਅਸਮਾਧੀ ਹੈ

-0-

ਅੱਜ ਜਦ
ਉਹ ਬਿਨ ਪ੍ਰਾਣ ਬਿਨ ਦੇਹ
ਸਮਾਧੀ 'ਚ ਸੀ
ਤਾਂ ਉਸ ਜਾਣਿਆਂ
ਉਸਦੀ ਸਮਾਧੀ ਹੀ
ਪ੍ਰਾਣ ਹੈ ਦੇਹ ਹੈ

-0-

ਸਮਾਧੀ ਦੀ
ਉਹ ਉਸ ਅਵਸਥਾ 'ਚ
ਪਹੁੰਚਿਆ
ਜਿੱਥੇ ਮੌਤ ਦੀ ਸੁੰਨਤਾ 'ਚ
ਜੀਵਨ ਦੀ ਜੋਤ ਜਗਦੀ ਹੈ

ਤੇ ਇਸ ਮੌਤ ਤੋਂ ਪਿਛਲੇਰਾ ਸਫ਼ਰ
ਬਿਨ ਪ੍ਰਾਣ
ਬਿਨ ਦੇਹ ਕਰਦੀ ਹੈ

-0-

ਇਹ ਉਹ ਅਵੱਸਥਾ ਹੈ
ਜਿੱਥੇ ਨਾ ਪ੍ਰਾਣ ਨਾ ਦੇਹ ਹੈ
ਨਾ ਮੌਤ ਹੈ
ਸਿਰਫ਼ ਜੀਵਨ ਹੈ
ਜੋ ਜਨਮ ਮਰਨ ਤੋਂ ਰਹਿਤ ਹੈ
ਸੱਚ ਹੈ
ਜੋ ਆਦਿ ਸੱਚ ਹੈ
ਜੁਗਾਦਿ ਸੱਚ ਹੈ

-----

## ਸਹਿਰਾ ਤੇ ਕਲਪਣਾ

ਪਿਆਸ 'ਚ
ਜ਼ਖ਼ਮੀ ਸਹਿਰਾ ਨੇ
ਸਾਗਰ ਸਮਝ ਕੇ ਆਪਣੀ ਧੁੱਪ
ਪੀ ਲਈ
ਸੂਰਜ ਨੂੰ ਮੂੰਹ 'ਚ ਪਾ ਲਿਆ

-0-

ਉਸਨੂੰ ਮਹਿਸੂਸ ਹੋਇਆ
ਉਸਦੇ ਪਿੰਡੇ ਚੋਂ
ਸਾਗਰ ਜਨਮ ਆਇਆ ਹੈ
ਜਿਸ 'ਚ
ਮੱਛੀਆਂ ਤੈਰ ਰਹੀਆਂ ਹਨ
ਲਹਿਰਾਂ
ਕਿਨਾਰੇ ਗਾਹ ਰਹੀਆਂ ਹਨ
ਉਸਦੇ ਅੰਦਰ
ਜਲ ਜੀਵ ਜੰਤੂ ਜੀਅ ਰਹੇ ਹੰਨ
ਉਸ ਚੋਂ ਭਾਫ਼ ਉੱਠ ਰਹੀ ਹੈ
ਤੇ ਬੱਦਲ ਬਣਕੇ
ਉਸ ਤੇ ਹੀ ਬਰਸ ਰਹੇ ਹਨ

-0-

ਉਸਦੇ ਕਿਨਾਰਿਆਂ ਤੇ
ਰੁੱਖਾਂ ਦੇ ਜੰਗਲ ਉੱਗ ਆਏ ਹਨ
ਉਸਦਾ ਦੁਆਲਾ
ਹਰਿਆਵਲ ਨਾਲ ਭਰ ਗਿਆ ਹੈ
ਪੰਛੀਆਂ ਪਸ਼ੂਆਂ ਦਾ ਸ਼ੋਰ

ਉਸ ਚੋਂ ਉੱਠ ਰਿਹਾ ਹੈ
ਉਸਦੇ ਦਰਪਣ ਤੇ
ਤਰਦੀ ਹਵਾ
ਕਦੀ ਰੁੱਖਾਂ ਨੂੰ ਚੁੰਮਦੀ ਹੈ
ਕਦੀ ਜੰਗਲਾਂ
ਪਹਾੜਾਂ ਚੋਂ ਗੁਜ਼ਰਦੀ ਹੈ

-0-

ਉਹ
ਹਵਾ ਦਾ ਸੰਗੀਤ ਸੁਣਦਾ ਹੈ
ਤੇ ਉੱਛਲ ਉੱਛਲ ਕੇ
ਕਿਨਾਰਿਆਂ ਤੋਂ ਬਾਹਰ
ਆਉਂਦਾ ਹੈ
ਵੇਖਦਾ ਹੈ
ਉਸ 'ਚ ਮੌਸਮਾਂ ਬਹਾਰਾਂ ਰੁੱਤਾਂ
ਫੁੱਲਾਂ ਕਲੀਆਂ ਤੇ ਰੰਗਾਂ ਦਾ ਮੇਲਾ ਹੈ
ਰੌਣਕਾਂ ਹਨ
ਬੱਦਲਾਂ ਦੀਆਂ ਛਾਵਾਂ ਹਨ
ਘਣਘੋਰ ਘਟਾਵਾਂ ਹਨ
ਜਿਨ੍ਹਾਂ
ਉਸ ਦਾ ਮੂੰਹ ਢੱਕ ਲਿਆ ਹੈ

-0-

ਸਹਿਰਾ ਦਾ ਸਿਰ
ਪੈਰਾਂ 'ਚ ਉੱਗ ਆਇਆ ਹੈ
ਪੈਰ ਸਿਰ 'ਚ ਉੱਗ ਆਏ ਹਨ

ਸਹਿਰਾ ਦਾ ਸਿਰ ਧਰਤ 'ਚ ਸੀ
ਇਸ ਲਈ
ਸਿਰ 'ਚ ਸਮੁੰਦਰ ਸੀ
ਪ੍ਰਕਿਰਤੀ ਸੀ ਹਰਿਆਵਲ ਸੀ
ਧਰਤ ਜੀਵਨ ਸੀ
ਜਲ ਜੀਵਨ ਸੀ

-0-

ਸਹਿਰਾ ਦੇ ਪੈਰਾਂ ਦੁਆਲੇ
ਸਹਿਰਾ ਸੀ
ਰੇਤ ਹੀ ਰੇਤ ਸੀ
ਤਪਸ਼ ਹੀ ਤਪਸ਼ ਸੀ
ਸਹਿਰਾ ਦੇ ਪੈਰਾਂ 'ਚ
ਸੜਦੇ ਸੂਰਜਾਂ ਦਾ ਜੰਗਲ ਸੀ
ਅੱਗ ਦਾ ਦਰਿਆ ਸੀ
ਜਿਸ ਤੇ ਸਹਿਰਾ ਤੁਰ ਰਿਹਾ ਸੀ

-0-

ਤੁਰਦੇ ਤੁਰਦੇ
ਸਹਿਰਾ ਨੇ ਸੋਚਿਆ
ਜੋ ਚੀਜ਼ ਪੈਰਾਂ ਦੀ ਧਰਤ 'ਚ
ਉੱਗ ਨਹੀਂ ਸਕਦੀ
ਸਿਰ ਦੀ ਧਰਤ 'ਚ
ਉੱਗਾਈ ਜਾ ਸਕਦੀ ਹੈ
ਕਿਉਂਕਿ
ਸਿਰ 'ਚ ਵਸਤੂਆਂ ਨੂੰ
ਉੱਗਾਉਣ ਲਈ

ਨਾ ਧਰਤ ਦੀ ਲੋੜ ਹੈ
ਨਾ ਜਲ ਦੀ ਲੋੜ ਹੈ
ਕਲਪਣਾ ਤੇ ਸਿਰਜਣਾ ਦੀ
ਲੋੜ ਹੈ

-0-

ਉਸਨੂੰ ਗਿਆਨ ਹੋਇਆ
ਕਿ ਕਲਪਣਾ ਰਾਹੀਂ ਵੀ
ਆਪਣਾ ਪਿੰਡਾ ਠਾਰਿਆ
ਜਾ ਸਕਦਾ ਹੈ
ਆਪਣੀ ਦੇਹ 'ਚ
ਸਾਗਰ ਉਤਾਰਿਆ ਜਾ
ਸਕਦਾ ਹੈ
ਹੁਣ ਜਦ ਧਰਤੀ ਤੇ
ਸਹਿਰਾ ਦੇ ਪੈਰ ਸੜਦੇ ਹਨ,
ਤਾਂ ਸਿਰ ਚੋਂ
ਕਲਪਣਾ ਦੇ ਅੰਬਰੋਂ
ਬੱਦਲ ਬਰਸਦੇ ਹਨ

------

## ਅਵਾਰਾ ਨਿੱਘ

ਇਹ ਜੋ ਨਿੱਘ
ਤੂੰ ਆਪਣੇ ਪਿੰਡੇ ਚੋਂ ਲੈਂਦੀ ਹੈਂ
ਤੇਰਾ ਨਹੀਂ
ਕਿਸੇ ਅਵਾਰਾ ਲਹੂ ਦਾ ਹੈ
ਤੂੰ ਜਿਸਦੀ ਮੰਜ਼ਿਲ ਨਹੀਂ
ਬਲਕਿ
ਉਸਦੀ ਵਾਸ਼ਨਾ ਤ੍ਰਿਪਤੀ ਹੈਂ

-0-

ਇਸ ਨਿੱਘ ਬਦਲੇ
ਤੂੰ ਆਪਣੀ ਦੁਨੀਆਂ
ਤਿਆਗ ਨਾ ਦੇਵੀਂ
ਇਹ ਨਿੱਘ
ਕਈ ਵਾਰ ਸ਼ਾਂਤ ਵਗਦੀਆਂ
ਨਦੀਆਂ ਨੂੰ
ਅੱਗ ਦੇ ਦਰਿਆ 'ਚ ਉਤਾਰ
ਦਿੰਦਾ ਹੈ

-0-

ਸ਼ਹਿਰ ਦੇ ਸੀਤ ਸ਼ਬਦ
ਆਪਣਾ ਨਿੱਘ ਭਾਲਦੇ ਹਨ
ਆਪਣੇ ਹੱਡਾਂ ਨੂੰ ਸੇਕਣ ਲਈ
ਆਪਣਾ ਲਹੂ ਗਰਮਾਉਣ ਲਈ
ਆਪਣਾ ਬਰਫ਼ ਜਿਹਾ ਠੰਡਾ ਕਾਮ
ਅੱਗ ਦੇ ਦਰਿਆ 'ਚ ਵਗੀਆਂ
ਨਦੀਆਂ 'ਚ ਉਤਾਰਦੇ ਹਨ

-0-

ਇਸ ਤਰ੍ਹਾਂ
ਰੋਜ਼ ਸੀਤ ਸ਼ਬਦਾਂ ਦਾ
ਕਾਫ਼ਲਾ
ਨਦੀਆਂ ਦੇ ਲਹੂ 'ਚ ਉਤਰਦਾ ਹੈ
ਅਤੇ
ਨਦੀਆਂ ਬਲਦੇ ਸਿਵਿਆਂ ਦੀ
ਠੰਡੀ ਰਾਖ਼ ਹੋ ਜਾਂਦੀਆਂ ਹਨ

-0-

ਇਹ ਅਵਾਰਾ ਨਿੱਘ
ਨਵ-ਪੁੰਗਰਦੀਆਂ ਝੀਲਾਂ 'ਚ
ਆਪਣੀ ਅੱਗ ਬੀਜਦਾ ਹੈ
ਝੀਲਾਂ ਦੇ ਅੰਗ ਤੇ ਨਕਸ਼
ਝੁਲਸਦਾ ਹੈ
ਤੇ ਝੀਲਾਂ
ਆਪਣੇ ਹੀ ਦਰਪਣ 'ਚ
ਆਪਣੀ ਪਹਿਚਾਣ ਗੁਆ
ਬਹਿੰਦੀਆਂ ਹਨ
ਆਪਣੇ ਚਿਹਰੇ ਦੀ ਭਾਲ 'ਚ
ਅਵਾਰਾ ਨਿੱਘ 'ਚ
ਗੁਆਚ ਜਾਂਦੀਆਂ ਹਨ
ਤੇ
ਕਦੀ ਵੀ ਵਾਪਿਸ ਨਹੀਂ
ਪਰਤਦੀਆਂ

-0-

ਇਹ ਅਵਾਰਾ ਨਿੱਘ
ਬੋਟ ਪਾਲਣ ਲਈ
ਰੁੱਖਾਂ ਤੇ ਆਪਣੇ
ਆਲ੍ਹਣੇ ਨਹੀਂ ਬਣਾਉਂਦਾ
ਸਗੋਂ ਰੁੱਖਾਂ ਤੋਂ
ਉਨ੍ਹਾਂ ਦੇ ਬੀਜ ਚੋਰੀ ਕਰ
ਵੈਸ਼ੀਆਂ ਦੇ
ਕੋਠਿਆਂ ਤੇ ਉੱਗਾਉਂਦਾ ਹੈ
ਕਿ ਰੁੱਖ ਦੀ ਛਾਂ
ਤੇ ਆਲ੍ਹਣੇ ਦਾ ਸੁੱਖ
ਸ਼ਹਿਰ ਦੇ ਬੀਮਾਰ ਸ਼ਬਦ
ਮਾਣ ਸਕਣ
ਤੇ ਵੈਸ਼ੀਆਂ
ਆਪਣੇ ਕੋਠੇ ਤੇ ਉੱਗੇ ਰੁੱਖ ਦਾ
ਫੱਲ ਖਾਂਦੀਆਂ ਰਹਿਣ

-0-

ਸ਼ਹਿਰ 'ਚ
ਕਈ ਤਰ੍ਹਾਂ ਦੇ ਬੀਮਾਰ
ਸ਼ਬਦ ਹਨ
ਗਰਮ ਸਰਦ ਸਾਧ
ਚੋਰ ਅਸਲੀ ਨਕਲੀ
ਰੌਸ਼ਨੀ ਤੇ ਹਨ੍ਹੇਰੇ ਦੇ ਸ਼ਬਦ
ਪਰ ਸਭ ਦਾ

ਪ੍ਰਯੋਜਨ ਇਕੋ ਹੈ
ਨਦੀਆਂ ਝੀਲਾਂ ਬੋਲੀਆਂ
ਤੇ ਬਈਆਂ ਦਾ ਵਹਿਣ ਹੰਢਾਉਣਾ
ਮਾਸ ਖਾਂਦੇ ਰਹਿਣਾ
ਪਿੰਡਿਆਂ ਨੂੰ ਆਪਣੇ 'ਚ
ਉਤਾਰਨਾ
ਪਿੰਡਿਆਂ 'ਚ ਉਤਰਦੇ ਰਹਿਣਾ

-0-

ਇਹ ਜੋ ਨਿੱਘ
ਤੂੰ ਆਪਣੇ ਪਿੰਡੇ ਚੋਂ ਲੈਂਦੀ ਹੈਂ
ਤੇਰਾ ਨਹੀਂ
ਕਿਸੇ ਅਵਾਰਾ ਲਹੂ ਦਾ ਹੈ
ਤੂੰ ਜਿਸਦੀ ਮੰਜ਼ਿਲ ਨਹੀਂ
ਬਲਕਿ ਉਸਦੀ ਵਾਸ਼ਨਾ
ਤ੍ਰਿਪਤੀ ਹੈਂ

------

## ਦੌੜਦਾ ਹੈ ਉਹ

ਉਹ ਰੰਗਾਂ ਖ਼ੁਸ਼ਬੂਆਂ
ਮੌਸਮ ਬਹਾਰਾਂ ਰੁੱਤਾਂ ਭਾਲਦਾ
ਨੱਸ ਰਿਹਾ ਹੈ
ਸੂਰਜਾਂ ਚੰਨਾਂ ਤਾਰਿਆਂ ਦਾ
ਰੌਸ਼ਨ ਅੰਬਰ ਤਲਾਸ਼ ਰਿਹਾ ਸੀ
ਪ੍ਰਕਿਰਤੀ ਸੰਗ ਲੱਦੀ
ਧਰਤੀ ਖੋਜ ਰਿਹਾ ਸੀ

–0–

ਦੌੜਦੇ ਦੌੜਦੇ
ਪਿੱਠ ਤੇ ਵੱਸਦਾ ਪੱਥਰਾਂ ਦਾ
ਸ਼ਹਿਰ
ਉਸਦੇ ਮੂੰਹ ਤੇ ਉੱਗ ਆਇਆ
ਉਹ ਰੁਕ ਗਿਆ
ਉਸਦੇ ਪਿੰਡੇ ਚੋਂ
ਪਤਝੱੜਾਂ ਉਜਾੜਾਂ ਉਦਾਸੀਆਂ
ਪੁੰਗਰ ਆਈਆਂ
ਇਕੱਲਤਾ ਤੇ ਭੈਅ
ਉਸਦੇ ਲਹੂ 'ਚ ਲਹਿ ਗਏ

–0–

ਉਸ ਆਪਣੀ ਪਿੱਠ ਤੱਕੀ
ਜਿਸ ਤੇ
ਰੁੱਖਾਂ ਚੋਂ ਪੱਥਰ ਉੱਗ ਆਏ
ਸਨ

ਉਸਨੇ
ਆਪਣਾ ਅੱਗਾ ਤੱਕਿਆ
ਜਿਸ 'ਚ
ਨਜ਼ਰ ਦੇ ਦਿਸਹੱਦੇ ਤੱਕ
ਥਲ ਹੀ ਥਲ ਸਨ
ਪਿੱਠ ਤੇ ਪੱਥਰ
ਅਗੇਰੇ ਥਲਾਂ 'ਚ ਸੜਦੇ
ਸੂਰਜ ਸਨ
ਬਲਦੇ ਭਾਂਬੜ ਸਨ

-0-

ਪਿੱਠ ਦੇ ਪੱਥਰਾਂ ਚੋਂ
ਕੁਦਰਤ ਮਨਫ਼ੀ ਸੀ
ਅੱਗਾ ਸਮੁੰਦਰ ਦੀ ਪਿਆਸ ਸੀ
ਨਾ ਓਹ
ਆਪਣੇ ਭੂਤ 'ਚ ਪਰਤ ਸਕਦਾ ਸੀ
ਨਾ ਭਵਿੱਖ 'ਚ ਵਿਚਰ ਸਕਦਾ ਸੀ

-0-

ਉਹ
ਆਪਣਾ ਵਰਤਮਾਨ
ਮੁੱਠ 'ਚ ਫੜੀ
ਆਪਣੀ ਦੇਹ ਵਿਚਲੇ
ਕੁਦਰਤ ਤਲਾਸ਼ਦੇ ਸਾਏ ਦੇ
ਸਨਮੁੱਖ ਲੈ ਗਿਆ
ਸਾਏ ਸੰਗ ਲਿਪਟਦਾ
ਲਿਪਟਦਾ

ਸਾਏ ਦੀ ਤ੍ਰਿਸ਼ਨਾ ਹੋ ਗਿਆ
ਸਾਏ ਦੇ
ਪਿੱਛੇ ਦੌੜਦੇ ਦੌੜਦੇ
ਉਸਦੇ ਸਿਰ ਦਾ ਸੂਰਜ
ਡੁੱਬ ਗਿਆ
ਸਾਇਆ
ਉਸਦੀ ਨਜ਼ਰ ਚੋਂ ਆਲੋਪ
ਹੋ ਗਿਆ

-0-

ਉਹ ਰੁਕਿਆ
ਉਸਨੇ ਪਿੱਛੇ ਮੁੜਕੇ ਦੇਖਿਆ
ਉਸਦਾ ਸੱਚ
ਉਸਦੇ ਪਿੱਛੇ ਭੱਜਦਾ ਆ
ਰਿਹਾ ਸੀ
ਸੱਚ ਉਸਦੇ ਸਾਵੇਂ ਆ ਕੇ
ਖਲੋ੍ਹ ਗਿਆ
ਤੇ ਹਨ੍ਹੇਰੇ 'ਚ ਆਲੋਪ ਸਾਇਆ
ਸੱਚ 'ਚ ਸਮਾ ਗਿਆ
ਆਪਣੀ ਤਲਾਸ਼ ਦੇ
ਯਥਾਰਥ ਨੂੰ ਪਾ ਗਿਆ

-0-

ਅਗਲੇ ਦਿਨ
ਸੂਰਜ ਚੜ੍ਹ ਆਇਆ
ਉਹ ਸੀ
ਤੇ ਉਸਦਾ ਸਾਇਆ

ਉਸ ਸਾਏ ਨੂੰ ਪੁੱਛਿਆ
ਤੂੰ ਕਿੱਥੋਂ ਜਨਮਦਾ ਹੈਂ
ਕਿੱਥੇ ਸਮਾਉਂਦਾ ਹੈਂ
ਰਾਤੀ ਛੁੱਪ ਜਾਂਦਾ ਹੈਂ
ਸਾਇਆ ਬੋਲਿਆ
ਮੈਂ ਤੇਰੀ ਦੇਹ ਚੋਂ ਜਨਮਦਾ ਹਾਂ
ਤੇਰੀ ਦੇਹ 'ਚ ਸਮਾਉਂਦਾ ਹਾਂ
ਮੈਂ ਜੋ ਚਾਹੁੰਦਾ ਹਾਂ
ਤੇਰੇ ਚੋਂ ਪਾਉਂਦਾ ਹਾਂ
ਤੇਰੀ ਦੇਹ ਸੱਚ ਹੈ ਮੇਰਾ
ਮੇਰੀ ਦੇਹ ਭਰਮ ਹੈ ਤੇਰਾ

–0–

ਜਿਸ ਸਾਏ ਪਿੱਛੇ ਦੌੜਦਾ
ਤੂੰ ਗੁਆਚੀ ਕੁਦਰਤ ਭਾਲਦਾ ਹੈਂ
ਉਹ ਸਾਇਆ
ਆਪਣਾ ਸੱਚ ਭਾਲਦਾ ਸੀ
ਸੱਚ ਜੋ ਸ਼ੀਸ਼ੇ ਦਾ ਨਹੀਂ
ਪੱਥਰ ਦਾ ਨਹੀਂ
ਕੁਦਰਤ ਦਾ ਰਚਿਆ ਹੈ
ਉਹ ਬਾਹਰ ਨਹੀਂ
ਉਹ ਸੱਚ
ਤੇਰੇ ਅੰਦਰ ਵਸਿਆ ਹੈ

–0–

ਉਸਨੂੰ
ਆਪਣੀ ਤਲਾਸ਼ ਦਾ ਸੱਚ
ਸਮਝ ਆਇਆ
ਕਿ ਬਾਹਰ ਤਾਂ ਕੁੱਝ ਵੀ ਨਹੀਂ
ਨਾ ਤਲਾਸ਼ ਹੈ
ਨਾ ਸਾਇਆ ਹੈ
ਮੇਰੀ ਭਾਲ ਦਾ ਸੱਚ
ਮੇਰੇ ਅੰਦਰ ਸਮਾਇਆਂ ਹੈ
ਉਸਨੂੰ ਅੰਦਰੋਂ ਹੀ
ਸੂਰਜਾਂ ਚੰਨਾਂ ਤਾਰਿਆਂ ਨਾਲ
ਰੌਸ਼ਨ ਅੰਬਰ ਦਾ
ਅਹਿਸਾਸ ਹੋਇਆ
ਮੌਸਮਾਂ ਬਹਾਰਾਂ ਰੁੱਤਾਂ ਦਾ
ਪਾਸ ਹੋਇਆ
ਪ੍ਰਕਿਰਤੀ ਸੰਗ ਲੱਦੀ ਧਰਤੀ
ਉਸਦੀ ਧੁੰਨੀ ਚੋਂ ਜਨਮੀ
ਤੇ ਨਜ਼ਰ ਦੇ ਦਿਸਹੱਦਿਆਂ ਦੇ
ਆਰ ਪਾਰ ਫੈਲ ਗਈ

------

## ਪਲਦਾ ਅੱਜ ਕਲ੍ਹ

ਤੇਰਾ ਚਿਹਰਾ ਵੀ ਭਰਮ ਸੀ
ਤੇਰੀ ਪਿੱਠ ਵੀ ਭਰਮ ਸੀ
ਮੈਂ
ਤੇਰੇ ਚਿਹਰੇ ਤੇ ਪਿੱਠ 'ਚ ਲਟਕਦਾ
ਉਹ ਪਲ ਹਾਂ
ਜੋ ਤੇਰਾ ਅੱਜ ਹਾਂ
ਆਪਣਾ ਕੱਲ੍ਹ ਹਾਂ

-0-

ਤੇਰਾ ਅੱਜ ਹੋਣ ਲਈ
ਮੈਨੂੰ
ਆਪਣਾ ਕੱਲ੍ਹ ਤਿਆਗਣਾ
ਪਏਗਾ
ਕੱਲ੍ਹ ਜੋ ਤੇਰਾ ਸਾਲਮ ਚਿਹਰਾ ਹੈ
ਕੱਲ੍ਹ ਜੋ ਤੇਰੀਆਂ ਬਲੌਰੀ ਅੱਖ੍ਹਾਂ
ਦਾ ਸਵੇਰਾ ਹੈ
ਤੇਰੇ ਜਿਸਮ ਦੀ ਮਹਿਕ ਹੈ
ਤੇਰੇ ਵਜੂਦ ਦੀ ਟਹਿਕ ਹੈ
ਤੇਰੀ ਹੋਂਦ ਤੇਰਾ ਸੱਚ ਹੈ
ਮੇਰਾ ਜੋ ਕੱਲ੍ਹ ਹੈ

-0-

ਤੇਰਾ ਅੱਜ ਹੋਣ 'ਚ
ਕੱਲ੍ਹ ਦਾ ਸੰਕਲਪ ਹੈ
ਕੱਲ੍ਹ ਦਾ ਲਹੂ ਹੈ
ਅੰਗ ਹਨ ਨਕਸ਼ ਹਨ

ਕੱਲ੍ਹ ਦੀ ਉੱਜਲੀ ਸ਼ਖਸੀਅਤ ਦਾ
ਅਕਸ ਹੈ
ਤੇਰਾ ਅੱਜ
ਰੰਗਾਂ ਦਾ ਅਸਮਾਨ ਤਾਂ
ਨਜ਼ਰ ਆਉਂਦਾ ਹੈ
ਪਰ ਮਿੱਟੀ ਦੀ ਥਾਂ
ਹਵਾ ਦੀ ਧਰਤ ਹੈ
ਜਿਸ 'ਚ ਤੇਰੇ ਕੱਲ੍ਹ ਦਾ
ਅੱਜ 'ਚ ਸਿਰਜਿਆ ਬੁੱਤ
ਲਟਕ ਰਿਹਾ ਹੈ

-0-

ਆਪਣੇ ਆਪ ਚੋਂ
ਆਪਣਾ ਸੱਚ ਨਿਚੋੜ ਕੇ
ਤੇ ਅੱਜ ਦੇ ਭਰਮ 'ਚ
ਪਲਟ ਰਿਹਾ ਹੈ
ਅੱਜ ਜਦ ਭੂਤ ਹੋ ਜਾਏਗਾ
ਸਮੇਂ ਦੀ ਛਾਣਨੀ 'ਚ
ਪੁਣਿਆ ਜਾਏਂਗਾ
ਤਾਂ ਭਰਮ ਤੋਂ ਸੱਚ ਕਹਾਏਂਗਾ

-0-

ਮੈਂ ਜੋ ਤੇਰੇ ਚਿਹਰੇ ਤੇ
ਪਿੱਠ 'ਚ ਲਟਕਦਾ ਪਲ ਹਾਂ
ਤੇਰੀਆਂ ਅੱਖ੍ਹਾਂ ਦਾ ਚਾਨਣ ਹਾਂ
ਤੇਰਿਆਂ ਅੰਗਾਂ ਦਾ ਤਾਅ ਹਾਂ

ਤੇਰਿਆਂ ਪੈਰਾਂ ਦਾ ਰਾਹ ਹਾਂ
ਜਿਸ ਤੇ ਤੁਰ ਕੇ
ਤੂੰ ਆਪਣੇ ਜਿਹਾ ਬੁੱਤ
ਉਸਾਰਿਆ ਸੀ
ਜਿਸ ਬੁੱਤ ਨੂੰ ਤੂੰ ਲਹੂ 'ਚ
ਉਤਾਰਿਆ ਸੀ
ਮੈਂ ਉਸ ਸਿਰਜਕ ਘੜੀ ਦਾ
ਅੰਕੁਰ ਹਾਂ
ਤੇਰਾ ਮੁਹਾਂਦਰਾ ਤੇਰੀ ਨੁਹਾਰ ਹਾਂ
ਪਰ ਅਜੇ ਵਜੂਦ ਨਹੀਂ ਹੋਇਆ
ਤਰਲਤਾ ਦੀ ਜੂਨ ਹਾਂ ਬੇਆਕਾਰ ਹਾਂ

-0-

ਤੇਰਾ ਅੱਜ ਹੋਣ ਲਈ
ਮੈਂ
ਕੱਲ੍ਹ ਚੋਂ ਆਪਾ ਨਿਚੋੜਿਆ ਹੈ
ਜੋ ਕੁੱਝ ਬਾਕੀ ਰਹਿ ਗਿਆ ਹੈ
ਉਸਨੂੰ
ਮੈਂ ਨਵੇਂ ਰੰਗਾਂ ਨਵੇਂ ਬੁਰਸ਼ਾਂ
ਨਵੀਆਂ ਨਜ਼ਰਾਂ
ਨਵੇਂ ਸੰਕਲਪਾਂ 'ਚ ਢਾਲਿਆ ਹੈ
ਕਿ ਕੋਈ
ਤਰਲ ਬੇਆਕਾਰ ਵਜੂਦ
ਆਪਣੇ ਤੋਂ ਅੱਗੇ ਨਿਕਲ ਗਏ

ਵਰਤਮਾਨ ਵਿਚ ਵੱਸਦੇ
ਵਜ਼ੂਦ ਤੋਂ ਪਿੱਛੇ ਨਾ ਰਹੇ
ਆਪਣੇ ਆਪ ਨੂੰ
ਕਦੀ ਵੀ ਭੂਤ ਨਾ ਕਹੇ

-0-

ਇਸਦੀ ਪਹਿਚਾਣ ਲਈ
ਤੈਨੂੰ ਮੇਰੀਆਂ ਅੱਖ੍ਹਾਂ ਦੀ ਲੋੜ ਹੈ
ਕਿਉਂਕਿ
ਚਿਤਰੇ ਚਿਹਰੇ 'ਚ
ਸਿਰਫ਼ ਤੇਰਾ ਅੱਜ ਹੈ
ਮੇਰਾ ਕੱਲ੍ਹ ਨਹੀਂ
ਜਿਸ 'ਚ ਤੇਰਾ ਸਾਲਮ ਚਿਹਰਾ ਸੀ
ਬਲੌਰੀ ਅੱਖਾਂ
ਜਿਸਮ ਦੀ ਮਹਿਕ
ਵਜ਼ੂਦ ਦੀ ਟਹਿਕ ਸੀ
ਤੇਰੀ ਹੋਂਦ ਤੇਰਾ ਸੱਚ ਸੀ
ਅੱਜ 'ਚ
ਤੇਰਾ ਅਜਿਹਾ ਕੁੱਝ ਵੀ ਨਹੀਂ

-----

## ਚੁੱਪ ਸ਼ੋਰ ਤੇ ਬੋਲ

ਆਦਮੀ
ਜਿਵੇਂ ਗੁਆਚਾ ਹੈ ਭੀੜ 'ਚ
ਇਵੇਂ ਹੀ
ਮੇਰਾ ਬੋਲ ਹੈ ਗੁਆਚਿਆ
ਸ਼ੋਰ 'ਚ

-0-

ਮੈਂ
ਆਪਣੇ ਬੋਲ ਦੀ ਤਲਾਸ਼ 'ਚ
ਸ਼ਹਿਰ ਦੇ
ਵਜੂਦ 'ਚ ਉਤਰਿਆ
ਦੇਖਿਆ
ਸੜਕਾਂ ਤੇ ਬਾਜ਼ਾਰਾਂ 'ਚ
ਸ਼ੋਰ ਹੈ
ਗਲੀਆਂ ਚੌਕਾਂ ਚੌਰਾਹਿਆਂ 'ਚ
ਸ਼ੋਰ ਹੈ
ਇਕੱਲਤਾ ਭੀੜਾਂ 'ਚ
ਸ਼ੋਰ ਹੈ
ਇਸ ਸ਼ਹਿਰ 'ਚ
ਸ਼ੋਰ ਤੋਂ ਬਿਨਾਂ
ਕੁੱਝ ਵੀ ਨਾ ਹੋਰ ਹੈ

-0-

ਮੇਰੀ ਚੁੱਪ ਮੇਰੀ ਸੁਰ
ਬੋਲ ਦੀ ਤਲਾਸ਼ 'ਚ
ਗੁਆਚ ਗਈ

ਮੇਰਾ ਬੋਲ
ਸ਼ੋਰ ਦੇ ਸਮੁੰਦਰ 'ਚ
ਵਹਿ ਗਿਆ
ਸ਼ੋਰ ਦੇ ਪਹਾੜ ਹੇਠ ਆ
ਗਿਆ
ਸ਼ੋਰ ਦੇ ਆਕਾਸ਼ 'ਚ ਗੁੰਮ
ਗਿਆ
ਸ਼ੋਰ ਦੀ ਧਰਤ 'ਚ ਧਸ
ਗਿਆ

-0-

ਹੁਣ ਮੇਰੇ 'ਚ
ਨਾ ਚੁੱਪ ਸੀ ਨਾ ਸੁਰ ਸੀ
ਨਾ ਬੋਲ ਸੀ
ਬਸ ਹੈ ਤੇ ਸ਼ੋਰ ਸੀ
ਮੈਂ ਆਪਣਾ ਸ਼ੋਰ
ਸ਼ਹਿਰੀ ਸ਼ੋਰ 'ਚ ਉਤਾਰਿਆ
ਮੇਰਾ ਸ਼ੋਰ
ਸ਼ਹਿਰੀ ਸ਼ੋਰ ਦਾ ਸ਼ੋਰ ਹੋ ਗਿਆ
ਮੇਰੇ ਬੋਲ ਤੱਕ ਅੱਪੜ ਗਿਆ

-0-

ਸ਼ਹਿਰੀ ਸ਼ੋਰ ਨੇ
ਮੇਰੇ ਬੋਲ ਨੂੰ
ਸ਼ਹਿਰੋਂ ਬਾਹਰ ਨਜ਼ਰ ਬੰਦ
ਕੀਤਾ ਸੀ

ਕਿ ਮੇਰੇ ਬੋਲ ਦੀ ਮਹਿਕ
ਸ਼ਹਿਰ ਦੀ ਚੁੱਪ 'ਚ ਫੈਲ
ਨਾ ਜਾਏ
ਸ਼ਹਿਰ ਦੁਆਲੇ ਸ਼ੋਰ ਦਾ
ਪਹਿਰਾ ਸੀ
ਕਿ ਕੋਈ ਵੀ ਬੋਲ
ਸ਼ਹਿਰ 'ਚ ਦਾਖ਼ਲ ਨਾ ਹੋ
ਪਾਏ

-0-

ਸ਼ਹਿਰ ਦੀ ਚੁੱਪ ਨੂੰ
ਸਿਰਫ਼
ਇਕ ਬੋਲ ਦੀ ਤਲਾਸ਼ ਸੀ
ਬੋਲ ਬਿਨਾਂ
ਸ਼ਹਿਰ ਦੀ ਚੁੱਪ
ਇਕ ਜਿਉਂਦੀ ਲਾਸ਼ ਸੀ
ਜੇ ਸ਼ਹਿਰ ਦੀ ਚੁੱਪ ਨੂੰ
ਇਕ ਬੋਲ ਮਿਲ ਜਾਏ
ਤਾਂ ਸ਼ਹਿਰ ਦੀ ਚੁੱਪ
ਤੂਫ਼ਾਨਾਂ ਝੱਖੜਾਂ ਹਨ੍ਹੇਰੀਆਂ
ਵਾਂਗ
ਸ਼ਹਿਰ 'ਚ ਝੁੱਲ ਜਾਏ
ਲੋਕਾਂ ਨੂੰ
ਸ਼ਹਿਰੀ ਸ਼ੋਰ ਦਾ ਅਰਥ
ਸਮਝ ਆਏ

ਸ਼ੋਰ ਦਾ ਸੱਚ ਪ੍ਰਗਟਾਏ

-0-

ਚੁੱਪ ਜਾਣਦੀ ਸੀ
ਲੋਕ ਜਦ ਸ਼ਹਿਰੀ ਸ਼ੋਰ ਦਾ
ਸੱਚ ਜਾਣ ਜਾਣਗੇ
ਸ਼ਹਿਰੀ ਸ਼ੋਰ ਨੂੰ
ਸੂਲ਼ੀ ਤੇ ਚਾੜ੍ਹ ਦੇਣਗੇ
ਸ਼ੋਰ ਨੇ ਜੋ ਨਕਲੀ
ਬੋਲਾਂ ਦਾ ਮਾਖੌਟਾ
ਪਹਿਨਿਆਂ ਹੈ
ਲੋਕ ਉਤਾਰ ਦੇਣਗੇ

-0-

ਮੈਂ ਆਪਣੇ
ਸ਼ੋਰ ਨੂੰ ਸਮਝਾਇਆ
ਕਿ ਉਹ ਸਿਰਫ਼ ਬੋਲ ਖ਼ਾਤਰ
ਸ਼ੋਰ ਹੋ ਜਾਏ
ਤੇ ਸ਼ਹਿਰ ਦੀ
ਨਸ ਨਸ 'ਚ ਘੁਲ ਜਾਏ
ਜਦ ਸ਼ਹਿਰ ਦੇ ਕੰਠ 'ਚ ਬੈਠੀ
ਚੁੱਪ ਚੋਂ ਨਿਕਲੇ
ਤਾਂ ਬੋਲ ਹੋ ਜਾਏ

-0-

ਸ਼ਹਿਰੀ ਚੁੱਪ
ਆਪਣੇ ਵਜ਼ੂਦ 'ਚ ਉਤਾਰੇ

ਸ਼ਹਿਰੀ ਸ਼ੋਰ ਨੇ
ਜੋ ਮਖੌਟਾ ਪਹਿਨਿਆਂ ਹੈ
ਉਸਨੂੰ ਉਤਾਰੇ
ਸ਼ਹਿਰੀ ਸ਼ੋਰ ਦਾ ਸੱਚ
ਨੰਗਿਆਂ ਕਰੇ
ਤੇ ਸ਼ਹਿਰੀ ਸ਼ੋਰ ਦਾ ਫ਼ਰੇਬ
ਲੋਕਾਂ ਦੀ ਤਲੀ ਤੇ ਧਰੇ

-0-

ਮੇਰੇ ਸ਼ੋਰ ਨੇ ਫ਼ਰੇਬੀ ਸ਼ੋਰ ਦਾ ਮਖੌਟਾ
ਲਾਹ ਦਿੱਤਾ
ਸ਼ਹਿਰੀ ਸ਼ੋਰ ਦਾ ਸੱਚ
ਲੋਕਾਂ ਦੇ ਮੱਥੇ 'ਚ ਜਗਾ ਦਿੱਤਾ
ਚੜ੍ਹਦੇ ਸੂਰਜ ਨਾਲ ਹੀ
ਲੋਕ ਸ਼ਹਿਰੀ ਫ਼ਰੇਬੀ ਸ਼ੋਰ ਨੂੰ
ਸੂਲ਼ੀ ਚਾੜ੍ਹਿਆ
ਚੁੱਪ ਦੇ ਕੰਠ ਚੋਂ ਨਿਕਲੇ ਬੋਲਾਂ ਨੂੰ
ਪਲਕਾਂ ਤੇ ਬਿਠਾ ਲਿਆ
ਮੈਂ ਸ਼ੋਰ ਦਾ ਸ਼ੋਰ ਹੋ
ਆਪਣਾ ਬੋਲ ਪਾ ਲਿਆ
ਆਪਣੀ ਚੁੱਪ ਤੇ ਸੁਰ 'ਚ
ਵਸਾ ਲਿਆ
ਸਦੀਆਂ ਦਾ ਸੁੱਤਾ ਸ਼ਹਿਰ
ਚੁੱਪ ਦੇ ਬੋਲਾਂ ਜਗਾ ਲਿਆ

-----

## ਗੁਆਚਾ ਰੁੱਖ

ਜਿਵੇਂ ਚੁੱਪ 'ਚ
ਬੋਲ ਗੁਆਚ ਜਾਂਦਾ ਹੈ
ਇਵੇਂ ਹੀ
ਜੰਗਲ 'ਚ ਰੁੱਖ ਗੁਆਚ
ਜਾਂਦਾ ਹੈ

-0-

ਇਕ ਧੁੱਪ ਦਾ ਟੋਟਾ
ਰੋਜ਼ ਉਸਦੀ ਛਾਵੇਂ ਬੈਠਦਾ
ਸੀ
ਰੁੱਖ ਦੀ ਛਾਵੇਂ ਬੈਠਣ ਆਇਆ
ਤਾਂ ਉਸ ਵੇਖਿਆ ਰੁੱਖ ਉੱਥੇ ਨਹੀਂ
ਰੁੱਖ ਦੇ ਗੁਆਂਢੀ ਰੁੱਖ ਨੇ
ਦੱਸਿਆ
ਰੁੱਖ ਸਵੇਰ ਦਾ
ਜੰਗਲ ਵਲ ਗਿਆ ਸੀ
ਦੁਪਹਿਰ ਹੋ ਗਈ ਹੈ
ਅਜੇ ਤੱਕ ਵਾਪਿਸ ਨਹੀਂ
ਪਰਤਿਆ
ਇਹ ਸੁਣਕੇ ਧੁੱਪ ਦਾ ਟੋਟਾ
ਰੁੱਖ ਦੀ ਭਾਲ 'ਚ ਨਿਕਲਿਆ

-0-

ਧੁੱਪ ਦਾ ਟੋਟਾ
ਜੰਗਲ 'ਚ ਗਿਆ
ਜੰਗਲ ਦੇ ਸਾਰੇ ਰੁੱਖ ਇਕੋ ਜਿਹੇ ਸਨ

ਉਹ ਪਹਿਚਾਣ ਨਾ ਸਕਿਆ
ਉਹ ਕਿਹੜਾ ਰੁੱਖ ਹੈ
ਜਿਸਦੀ ਛਾਂ ਹੇਠ
ਉਹ ਬਹਿੰਦਾ ਸੀ

-0-

ਫਿਰ ਧੁੱਪ ਦਾ ਟੋਟਾ
ਜੰਗਲ ਦੇ
ਕੁੱਝ ਰੁੱਖਾਂ ਦੀ ਛਾਵੇਂ ਬੈਠਾ
ਪਰ ਕਿਸੇ ਵੀ ਰੁੱਖ ਨੇ
ਨਾ ਉਸਨੂੰ
ਆਪਣੀ ਠੰਡਕ ਪਿਆਈ
ਨਾ ਹੀ ਫੱਲ ਭੇਂਟ ਕੀਤੇ

-0-

ਜੰਗਲ ਦੇ ਵਿਚਕਾਰ
ਇੱਕ ਰੁੱਖ ਖੜ੍ਹਾ ਸੀ
ਜੋ ਜੰਗਲ ਚੋਂ
ਬਾਹਰ ਨਿਕਲਣ ਦਾ ਰਾਹ
ਭਾਲ ਰਿਹਾ ਸੀ
ਤੇ ਜੰਗਲ 'ਚ
ਗੁਆਚਾ ਗੁਆਚਾ ਲੱਗਦਾ ਸੀ

-0-

ਧੁੱਪ ਦਾ ਟੋਟਾ
ਜਦ ਉਸਦੇ ਥੱਲੇ ਬੈਠਾ
ਤਾਂ ਰੁੱਖ ਨੇ ਪਹਿਚਾਣ ਲਿਆ
ਉਸਨੂੰ ਠੰਡਕ ਦਾ ਪਿਆਲਾ

ਤੇ ਖਾਣ ਲਈ ਫੱਲ ਭੇਂਟ ਕੀਤੇ
ਧੁੱਪ ਦੇ ਟੋਟੇ ਨੇ ਜਾਣ ਲਿਆ
ਇਹ ਉਹੀ ਰੁੱਖ ਹੈ
ਜਿਸਦੀ ਉਸ ਨੂੰ ਤਲਾਸ਼ ਸੀ

-0-

ਉਹ ਰੁੱਖ ਨੂੰ ਉਂਗਲੀ ਲਾ
ਆਪਣੀ ਥਾਂ ਤੇ ਲੈ ਆਇਆ
ਜਦ ਗੁਆਚਾ ਰੁੱਖ
ਆਪਣੇ ਘਰ ਆਇਆ
ਤਾਂ ਬੋਲਿਆ
ਮੈਂ ਤਾਂ ਤੈਨੂੰ ਪਹਿਚਾਣ ਲਿਆ
ਸੀ
ਪਰ ਤੂੰ
ਮੈਨੂੰ ਕਿਵੇਂ ਪਹਿਚਾਣਿਆ

-0-

ਧੁੱਪ ਦਾ ਟੋਟਾ ਬੋਲਿਆ
ਮੈਂ
ਰੋਜ਼ ਤੇਰੀ ਠੰਡਕ ਪੀਂਦਾ ਹਾਂ
ਤੇਰੇ ਫੱਲ ਖਾਂਦਾ ਹਾਂ
ਇਸ ਲਈ
ਮੈਂ ਤੈਨੂੰ ਪਹਿਚਾਣਦਾ ਹਾਂ
ਕਿਉਂਕਿ
ਤੂੰ ਮੈਨੂੰ ਵੇਖ ਕੇ
ਠੰਡਕ ਦਾ ਕਟੋਰਾ ਤੇ ਫੱਲ
ਭੇਂਟ ਕੀਤੇ ਸਨ

-0-

ਰੁੱਖ ਘਰ ਆਇਆ
ਤਾਂ ਉਸਨੂੰ ਸਮਝ ਆਈ
ਭੀੜ 'ਚ ਤਾਂ
ਇਕੱਲਾ ਰੁੱਖ ਗੁਆਚ
ਜਾਂਦਾ ਹੈ
ਕਿਉਂਕਿ ਭੀੜ 'ਚ
ਪੈਰ ਤੁਰਦੇ ਹਨ ਸਿਰ ਨਹੀਂ
ਰੁੱਖ ਗੁਆਚ ਜਾਂਦੇ ਹਨ
ਘਰ ਦਾ ਰਾਹ ਭੁੱਲ ਜਾਂਦੇ ਹਨ
ਸਿਰ ਦੇ ਆਸਰੇ ਤੁਰਦੇ ਪੈਰ
ਨਾ ਗੁਆਚਦੇ ਹਨ
ਨਾ ਘਰ ਦਾ ਰਾਹ ਭੁੱਲਦੇ ਹਨ

-----

## ਸਰਹੱਦੀ ਘਰ

ਸਰਹੱਦ ਤੇ
ਦੁਸ਼ਮਣਾਂ ਨਾਲ ਲੜਦਾ ਫੌਜੀ
ਆਪਣੇ ਪਿੰਡ ਬਾਰੇ
ਆਪਣੇ ਘਰ ਬਾਰੇ ਸੋਚਦਾ
ਆਪਣੇ ਬੁੱਢੇ ਮਾਂ ਬਾਪ
ਬਾਰੇ ਸੋਚਦਾ
ਆਪਣੀ ਨਾਰ ਦਾ ਮੁੱਖ
ਚਿਤਵਦਾ
ਪਿੰਡ ਦੀ ਸ਼ਕਲ ਪਿੰਡ ਦਾ
ਵਜੂਦ ਤੇ ਲੋਕ
ਉਸਨੂੰ ਬੜੇ ਯਾਦ ਆਉਂਦੇ

-0-

ਉਸਦੇ ਘਰ ਲੱਗਾ ਤੂਤ
ਉਸਨੂੰ ਵਾਜਾਂ ਮਾਰਦਾ
ਜਿਸਦੇ ਬੋਲ
ਉਸਨੂੰ ਸਰਹੱਦ ਤੇ ਸੁਣਦੇ
ਉਸਦੇ ਪਿੰਡ ਦੇ ਪਹੇ ਗਲੀਆਂ
ਕੰਧਾਂ ਘਰ ਛੱਤਾਂ ਵਿਹੜੇ
ਚੁੱਲ੍ਹੇ ਚੌਂਕੇ ਬੂਹੇ ਬਾਰੀਆਂ
ਉਸਨੂੰ ਲੱਗਦਾ
ਉਸ ਵੱਲ ਬਾਹਾਂ ਉਲਾਰ
ਉਸਨੂੰ ਉੱਡੀਕ ਰਹੇ ਹੋਣ

-0-

ਸਾਉਣ ਦੇ ਮੀਂਹ 'ਚ
ਪਿੰਡ ਦੀਆਂ ਧਰੇਕਾਂ ਦੀ
ਖ਼ੁਸ਼ਬੂ
ਉਸਨੂੰ ਸਰਹੱਦ ਤੇ ਡੁੱਲ੍ਹੇ
ਜਵਾਨਾਂ ਦੇ ਲਹੂ ਚੋਂ ਆਉਂਦੀ
ਜਿਵੇਂ ਬਾਰੀ ਖੋਲ੍ਹ ਕੇ
ਉਨ੍ਹਾਂ ਦੀਆਂ ਨਾਰਾਂ ਦੀਆਂ
ਅੱਖ੍ਹਾਂ
ਉਨ੍ਹਾਂ ਦੀ ਉਡੀਕ 'ਚ
ਰਾਹਾਂ ਤੇ ਲੱਗੀਆਂ ਹੋਣ

-0-

ਸਰਘੀ ਦੀ ਬਾਣੀ ਦੇ ਬੋਲ
ਸਰਹੱਦ ਤੇ
ਉਸਦੇ ਕੰਨਾਂ ਵਿਚ ਗੂੰਜਦੇ
ਬੱਕਰੀ ਦੇ ਮੇਮਣਿਆਂ ਦੀਆਂ
ਅੱਖਾਂ
ਉਸਨੂੰ ਸਰਹੱਦ ਤੇ ਉੱਗੀਆਂ
ਨਜ਼ਰ ਆਉਂਦੀਆਂ
ਫੌਜੀ ਨੂੰ
ਉਸਦਾ ਬਚਪਨ ਯਾਦ
ਕਰਾਉਂਦੀਆਂ

-0-

ਫੌਜੀ
ਜਦ ਛੁੱਟੀ ਲੈਕੇ ਪਿੰਡ ਆਇਆ

ਤਾਂ ਸਾਰਾ ਦਿਨ
ਪਿੰਡ ਦੀ ਥਾਂ
ਉੱਗ ਆਏ ਸ਼ਹਿਰ ਚੋਂ
ਆਪਣਾ ਪਿੰਡ ਭਾਲਦਾ ਰਿਹਾ
ਪਰ ਉਸ ਦਾ ਪਿੰਡ
ਕਿੱਥੇ ਸੀ
ਨਾ ਕੱਚੇ ਕੋਠੇ ਕੰਧਾਂ ਛੱਤਾਂ
ਨਾ ਵਿਹੜੇ ਨਾ ਗ਼ਲੀਆਂ
ਨਾ ਚੁਬਾਰੇ ਦੀਆਂ ਬਾਰੀਆਂ ਚੋਂ
ਝਾਕਦੀਆਂ ਨਾਰਾਂ
ਨਾ ਭੂਤ ਨਾ ਧਰੇਕਾਂ

-0-

ਪੱਥਰ ਸੀਮਿਟ ਸਰੀਏ ਤੇ
ਇੱਟਾਂ ਦਾ ਜੰਗਲ
ਉਸਦੇ ਕੁਦਰਤੀ
ਪਿੰਡ ਦੇ ਵਜ਼ੂਦ ਚੋਂ ਉੱਗ
ਆਇਆ ਸੀ
ਅਜ਼ਨਬੀ ਲੋਕ
ਓਪਰੀਆਂ ਸੜਕਾਂ ਤੇ ਗਲੀਆਂ
ਨਾ ਆਪਣੇ ਰੁੱਖ
ਨਾ ਪਸ਼ੂ ਪੰਛੀ
ਨਾ ਜੂਹਾਂ ਨਾ ਬੇਲੇ
ਨਾ ਬਾਪ ਨਾ ਮਾਂ ਨਾ ਨਾਰ
ਸ਼ਾਇਦ ਸਭ ਕੁੱਝ

ਇਸ ਪੱਥਰ ਸੀਮਿਟ ਸਰੀਏ
ਤੇ ਇੱਟਾਂ ਦੇ ਜੰਗਲ ਹੇਠ
ਆ ਗਿਆ ਸੀ
ਸ਼ਹਿਰ
ਪਿੰਡ ਦਾ ਸਾਇਆ ਤਕ
ਖਾ ਗਿਆ ਸੀ

-0-

ਸ਼ਹਿਰੋਂ ਬਾਹਰ
ਇਕ ਪੁਰਾਣਾ ਖੰਡਰ ਸੀ
ਜਿਸ 'ਚ ਫੌਜੀ ਨੇ ਰਾਤ ਕੱਟੀ
ਤੇ ਸਾਰੀ ਰਾਤ
ਇਸ ਗ਼ਮ 'ਚ ਜਾਗਦਾ ਰਿਹਾ
ਕਿ ਅਸੀਂ
ਬਾਹਰਲੇ ਦੁਸ਼ਮਣਾਂ ਤੋਂ
ਤਾਂ ਆਪਣੀਆਂ ਸਰਹੱਦਾਂ
ਆਪਣਾ ਦੇਸ਼ ਬਚਾ ਸਕਦੇ ਹਾਂ
ਪਰ ਆਪਣੇ ਪਿੰਡਾਂ ਨੂੰ
ਆਪਣੇ ਹੀ ਦੇਸ਼ 'ਚ
ਸ਼ਹਿਰੀ ਹਮਲੇ ਤੋਂ
ਕਿਵੇਂ ਬਚਾਈਏ

-0-

ਇਨ੍ਹਾਂ ਦੁਸ਼ਮਣਾਂ ਨੂੰ
ਕੌਣ ਰੋਕੇਗਾ
ਜੋ ਪ੍ਰਕਿਰਤੀ ਨੂੰ ਖਾਈ
ਜਾ ਰਹੇ ਹਨ
ਪੱਥਰਾਂ ਦੇ ਜੰਗਲ ਉੱਗਾਈ
ਜਾ ਰਹੇ ਹਨ
ਧਰਤੀ ਦੀ ਹਰਿਆਵਲ
ਖ਼ੂਬਸੂਰਤੀ ਮੁਕਾਈ
ਜਾ ਰਹੇ ਹਨ
ਜਲ ਹਵਾ ਤੇ ਕੁਦਰਤੀ
ਸੋਮਿਆਂ ਨੂੰ
ਗੰਧਲਾਉਂਦੇ ਜਾ ਰਹੇ ਹਨ
ਫੌਜੀ ਨੇ ਸਵੇਰ ਦੀ ਗੱਡੀ ਫੜੀ
ਤੇ ਆਪਣੇ ਸਰਹੱਦੀ ਘਰ ਵੱਲ
ਵਾਪਿਸ ਮੁੜ ਗਿਆ

-----

## ਮੌਸਮ ਤੇ ਰੁੱਤ

ਉਹ
ਆਪਣਾ ਸ਼ਹਿਰ ਛੱਡ ਕੇ
ਜਾ ਰਿਹਾ ਸੀ
ਸਭ ਉਸ ਲਈ ਅਜ਼ਨਬੀ
ਸਨ
ਪਰਾਏ ਸਨ
ਸ਼ਹਿਰ ਦੀਆਂ ਸੜਕਾਂ ਗਲੀਆਂ
ਚੌਂਕ ਚੌਰਾਹੇ
ਸਭ ਉਸ ਲਈ ਓਪਰੇ ਸਨ

-0-

ਉਹ ਜਦ ਕਦੀ ਵੀ
ਬਾਜ਼ਾਰ ਜਾਂ ਸੜਕ ਤੇ ਨਿਕਲਦਾ
ਭੀੜ 'ਚ ਗੁਆਚ ਜਾਂਦਾ
ਉਸਦਾ ਦਾਇਰਾ
ਬਿੰਦੂਆਂ 'ਚ ਤਕਸੀਮਿਆਂ ਜਾਂਦਾ

-0-

ਬਿੰਦੂਆਂ ਚੋਂ
ਆਪਣਾ ਦਾਇਰਾ ਉਸਾਰਨ
ਲਈ
ਉਹ ਆਪਣੇ ਆਪ ਨੂੰ
ਪਹਿਚਾਣ ਨਾ ਸਕਦਾ
ਤੇ ਆਪਣੇ ਗਲ 'ਚ
ਲਿਖਕੇ ਪਾ ਲੈਂਦਾ

"ਜੇ ਮੈਨੂੰ ਪਹਿਚਾਣਦੇ ਹੋ
ਤਾਂ ਮੈਨੂੰ ਦੱਸੋ ਮੈਂ ਕੌਣ ਹਾਂ
ਮੈਂ ਸ਼ੋਰ ਹਾਂ ਜਾਂ ਮੌਨ ਹਾਂ"

-0-

ਸ਼ਹਿਰ ਨੇ ਕਈ ਵਾਰ
ਉਸਨੂੰ ਗਲ ਨਾਲ ਲਾਇਆ
ਪੱਥਰਾਂ ਨੇ ਅੱਥਰੂ ਸਰੀਏ ਨੇ ਬੋਲ
ਸੀਮਿਟ ਨੇ ਹੌਕੇ ਭਰੇ
ਇੱਟਾਂ
ਉਸਦਾ ਮੱਥਾ ਚੁੰਮਿਆ
ਉਸਨੇ ਸ਼ਹਿਰ ਦੇ
ਸਥੂਲ ਵਜੂਦ ਦੇ ਜਜ਼ਬਾਤਾਂ
ਦੀ ਕਦਰ ਕੀਤੀ
ਪਰ ਚੁੱਪ ਰਿਹਾ ਕੁਝ ਨਾ ਕਿਹਾ

-0-

ਉਹ ਸ਼ਹਿਰ ਦੇ ਲੋਕਾਂ ਦੀ
ਦਯਾ 'ਚ
ਏਨਾ ਝੁਲਸ ਗਿਆ
ਸ਼ਹਿਰ ਦੀ ਸੁੰਦਰਤਾ 'ਚ
ਏਨਾ ਕਰੂਪਿਆ ਗਿਆ
ਸ਼ਹਿਰ ਦੇ ਕਲਿਆਣ 'ਚ
ਏਨਾ ਭੁੱਜ ਗਿਆ
ਸ਼ਹਿਰ ਦੇ ਸੱਚ 'ਚ
ਏਨਾ ਉਬਲਿਆ

ਕਿ ਉਸਦਾ ਵਜ਼ੂਦ
ਛਾਲਾ ਛਾਲਾ ਹੋ ਗਿਆ
ਉਸਦੇ ਅੰਗ ਤੇ ਨਕਸ਼
ਪਿੱਘਲ ਪਿੱਘਲ
ਆਪਣਾ ਅਕਾਰ ਖੋਹ ਗਏ
ਤਰਲਤਾ ਦਾ ਰੂਪ ਹੋ ਗਏ

-0-

ਉਹ ਸ਼ਹਿਰ ਤਿਆਗ
ਮੰਜ਼ਿਲ ਰਹਿਤ ਦਿਸ਼ਾਹੀਣ
ਸ਼ਹਿਰੋਂ ਬਾਹਰ ਨਿਕਲ ਗਿਆ
ਸ਼ਹਿਰ ਬਹੁਤ ਪਿੱਛੇ
ਰਹਿ ਗਿਆ
ਸ਼ਹਿਰ ਦੇ ਲੋਕਾਂ ਦੇ ਚਿਹਰੇ
ਉਸ ਲਈ ਧੁੰਦਲੇ ਪੈ ਗਏ
ਸ਼ਹਿਰ ਦਾ ਅਜ਼ਨਬੀਪਣ
ਓਪਰੀਆਂ ਸੜਕਾਂ ਗਲੀਆਂ
ਚੌਂਕ ਚੌਰਾਹੇ
ਉਸ ਚੋਂ ਨੁਚੜ ਗਏ

-0-

ਉਸਨੇ ਵੇਖਿਆ
ਅਗਿਓਂ ਬਨਵਾਸੀ ਰੁੱਤ
ਘਰ ਪਰਤ ਰਹੀ ਹੈ
ਆਪਣਾ ਬਨਵਾਸ ਭੋਗ ਕੇ
ਆਪਣੇ ਜੰਗਲ ਪਹਾੜ

ਨਦੀਆਂ ਭੁੱਲਾਂ ਫੱਲ਼ਾਂ ਪਸ਼ੂ
ਪੰਛੀਆਂ ਦਾ ਮੋਹ ਤਿਆਗ ਕੇ
ਆਪਣੇ ਚਿਹਰੇ ਤੋਂ
ਉਜਾੜਾਂ ਉਦਾਸੀਆਂ ਇਕੱਲਤਾ
ਜੰਗਲੀ ਡਰਾਉਣੀਆਂ ਰਾਤਾਂ ਦਾ
ਭੈਅ ਉਤਾਰ ਕੇ
ਘਰ ਪਰਤਣ ਦੀ ਖ਼ੁਸ਼ੀ 'ਚ
ਮੁਸਕਰਾ ਰਹੀ ਹੈ ਗਾ ਰਹੀ ਹੈ

-0-

ਉਸਨੇ
ਬਨਵਾਸੀ ਰੁੱਤ ਦੀਆਂ
ਅੱਖਾਂ 'ਚ ਅੱਖਾਂ ਪਾਈਆਂ
ਤੇ ਪੁੱਛਿਆ
ਤੂੰ ਕਿਥੋਂ ਆਈ ਹੈਂ
ਰੁੱਤ ਬੋਲ਼ੀ
ਮੈਂ ਆਪਣਾ ਬਨਵਾਸ ਭੋਗ ਕੇ
ਆਪਣੇ ਘਰ ਗੁਲਜ਼ਾਰ 'ਚ
ਪਰਤ ਰਹੀ ਹਾਂ

-0-

ਉਹ ਬ਼ੋਲਿਆ
ਐ ਬਨਵਾਸਣ ਰੁੱਤ
ਉਥੇ ਤੇਰਾ ਕੋਈ ਘਰ ਨਹੀਂ
ਗੁਲਜ਼ਾਰ ਨਹੀਂ

ਮੈਂ ਉਸ ਸ਼ਹਿਰ ਦਾ
ਉਜੜਿਆ ਮੌਸਮ ਹਾਂ
ਤੂੰ ਰੁੱਤ ਹੈਂ
ਉੱਥੇ ਤੇਰੀ ਕੋਈ ਬਹਾਰ ਨਹੀਂ
ਰੰਗ ਨਹੀਂ ਖ਼ੁਸ਼ਬੂ ਨਹੀਂ
ਸਿਰਫ਼ ਓਪਰਾਪਣ ਹੈ
ਖੰਡਰ ਹੈ ਉਜਾੜ ਹੈ
ਪੱਥਰ ਸੀਮਿਟ ਸਰੀਏ ਤੇ
ਇੱਟਾਂ ਦਾ ਜੰਗਲ ਹੈ
ਕੀੜਿਆਂ ਮਕੌੜਿਆਂ ਦੇ
ਭੌਣ ਹਨ
ਕੋਈ ਤੇਰਾ ਘਰ ਨਹੀਂ
ਸਥਾਨ ਨਹੀਂ
ਸਭ ਕੀੜੇ ਹਨ ਜੋਕਾਂ ਹਨ
ਕੋਈ ਇਨਸਾਨ ਨਹੀਂ

-0-

ਇਹ ਸੁਣਕੇ
ਰੁੱਤ ਆਪਣੇ ਬਨਵਾਸ
ਵੱਲ ਮੁੜੀ ਹੀ ਸੀ
ਉਸਨੇ ਮੌਸਮ ਨੂੰ ਪੁੱਛਿਆ
ਤੂੰ ਕਿੱਥੇ ਜਾ ਰਿਹਾ ਹੈਂ
ਮੌਸਮ ਬੋਲਿਆ
ਮੈਂ ਮੰਜ਼ਿਲਹੀਣ ਦਿਸ਼ਾ ਰਹਿਤ

ਬਸ ਇਸੇ ਰਾਹ ਤੇ
ਤੁਰਦਾ ਜਾ ਰਿਹਾ ਹਾਂ
ਮੈਨੂੰ ਇਹ ਜਿੱਧਰ ਵੀ ਲਿਜਾ ਰਹੀ ਹੈ

-0-

ਰੁੱਤ ਬੋਲੀ
ਜਿਸ ਰਾਹ ਤੇ ਤੂੰ ਜਾ ਰਿਹਾ ਹੈਂ
ਇਸਦੀ ਕੋਈ ਮੰਜ਼ਿਲ ਨਹੀਂ
ਇਹ ਰਾਹ ਹਨ੍ਹੇਰੇ ਤੋਂ ਸਿਵਾ
ਕਿਤੇ ਨਹੀਂ ਅੱਪੜਦਾ.
ਜੇ ਪਿੱਛੇ ਬਨਵਾਸ ਹੈ
ਤਾਂ ਅੱਗੇ ਵੀ ਬਨਵਾਸ ਹੈ

-0-

ਹੁਣ ਰੁੱਤ ਮੌਸਮ
ਇਕ ਦੂਜੇ ਨੂੰ ਪਿੱਠ ਦੇ ਕੇ
ਇਕ ਦੂਜੇ ਦੇ ਉੱਲਟ ਜਾ ਰਹੇ ਸਨ
ਨਾ ਅੱਗੇ ਮੰਜ਼ਿਲ ਸੀ
ਨਾ ਪਿੱਛੇ ਮੰਜ਼ਿਲ ਸੀ
ਬਨਵਾਸ ਤੋਂ
ਬਨਵਾਸ ਤੱਕ ਦਾ ਸਫ਼ਰ ਸੀ
ਦੋਵੇਂ ਆਪਣੀ ਆਪਣੀ
ਸੂਲ਼ੀ ਤੇ ਲਟਕ ਰਹੇ ਸਨ
ਪਰ ਜੀਅ ਰਹੇ ਸਨ
ਮੰਜ਼ਿਲ ਦੀ ਭਾਲ 'ਚ

------

## ਨਗਰ਼ੀ

ਤੇਰੀ ਨਗਰੀ ਚੋਂ
ਜਦ ਲੰਘਿਆ
ਮੇਰੇ ਪਿੰਡੇ ਤੇ ਅੱਖਾਂ ਉੱਗ
ਆਈਆਂ
ਇਨ੍ਹਾਂ ਅੱਖਾਂ ਚੋਂ
ਨਗਰੀ ਦੇ ਪਿੰਡੇ ਦਾ ਪਿਘਲਦਾ
ਸੂਰਜ ਵੇਖ ਰਿਹਾ ਹਾਂ
ਸ਼ੀਸ਼ੇ ਦਾ ਰੂਪ ਹੰਢਾਉਂਦੀ
ਨਗਰੀ ਵੇਖ ਰਿਹਾ ਹਾਂ

-0-

ਸ਼ੀਸ਼ੇ ਦੇ ਰੁੱਖਾਂ ਦੀਆਂ
ਛਾਵਾਂ ਹੇਠ
ਸ਼ੀਸ਼ੇ ਦੀਆਂ ਸੜਕਾਂ ਤੇ
ਤੁਰਦੇ
ਸ਼ੀਸ਼ੇ ਦੇ ਪੁੱਤਲੇ ਵੇਖ ਰਿਹਾ ਹਾਂ
ਹੁਣ ਇਹ ਨਗਰੀ
ਮੇਰੀ ਦੇਹ 'ਚ
ਆਪਣਾ ਪਿਲਘਦਾ ਰੂਪ
ਉਤਾਰੇਗੀ
ਤੇ ਆਪਣੇ ਅੰਗ ਠਾਰੇਗੀ

-0-

ਇਸ ਨਗਰੀ ਨੇ
ਮੇਰਾ ਆਪਾ
ਆਪਣੇ ਨੈਣੀਂ ਪਾਇਆ ਹੈ

ਇਸ ਨਗਰੀ ਦੀ ਹਵਸ ਨੇ
ਮੇਰਾ ਕਾਮ ਹੰਢਾਇਆ ਹੈ
ਇਸ ਨਗਰੀ ਦੀ ਕੁੱਖ ਚੋਂ
ਜਦ ਮੇਰਾ ਵੀਰਯ ਉੱਗੇਗਾ
ਇਸ ਨਗਰੀ ਦੇ ਵਿਹੜੇ 'ਚ
ਮੇਰਾ ਜੰਗਲ ਪੁੱਗੇਗਾ

-0-

ਜਿਸ ਚੋਂ ਨਗਰੀ ਨੇ
ਆਪਣੀ ਦੇਹ ਉੱਗਾਈ ਹੈ
ਜੜ੍ਹਾਂ ਤੋਂ ਜੰਗਲ ਨੂੰ ਪੁੱਟਿਆ ਹੈ
ਹਰਿਆਵਲ ਦੀ ਬਲੀ
ਅੱਗਣ ਭੇਂਟ ਚੜ੍ਹਾਈ ਹੈ
ਆਂਡਿਆਂ 'ਚ ਜਿਉਂਦੇ
ਬੋਟ ਜਲਾਏ ਹਨ
ਜੰਗਲ ਦੇ ਦੀਪ ਬੁਝਾਏ ਹਨ
ਜੰਗਲ ਦੇ ਪਿੰਡੇ ਚੋਂ
ਸ਼ੀਸ਼ੇ ਦੇ ਸੂਰਜ ਉੱਗਾਏ ਹਨ
ਜੰਗਲ ਦੇ ਲਹੂ ਸੰਗ
ਨਗਰੀ ਨੇ
ਆਪਣਾ ਸੱਚ ਉਸਾਰਿਆ ਹੈ
ਜੰਗਲ ਕਬਰਾਂ ਕੀਤਾ ਹੈ
ਸ਼ੀਸ਼ੇ ਦਾ ਚਿਹਰਾ
ਆਪਣੇ ਪਿੰਡੇ 'ਚ ਉਤਾਰਿਆ ਹੈ

-0-

ਅੱਜ ਉਹ ਜੰਗਲ
ਕੱਚ ਦੇ ਜੰਗਲ ਦਾ ਰੂਪ ਧਾਰ
ਨਗਰੀ ਚੋਂ ਲੰਘਿਆ ਹੈ
ਕੱਚ ਦੀ ਨਗਰੀ ਨੂੰ
ਆਪਣੇ ਰੰਗ 'ਚ ਰੰਗਿਆ ਹੈ
ਆਪਣਾ ਸੱਚ
ਨਗਰੀ ਦੀ ਕੁੱਖ 'ਚ ਧਰਿਆ ਹੈ
ਨਗਰੀ ਦਾ ਸੱਚ
ਜੰਗਲ ਦੀ ਸੂਲ਼ੀ ਚੜ੍ਹਿਆ ਹੈ

-0-

ਹੁਣ ਜਦ ਜੰਗਲ
ਇਸ ਨਗਰੀ ਦੀ ਦੇਹ 'ਚ
ਤੁਰੇਗਾ
ਸਾਰੀ ਨਗਰੀ
ਆਪਣੇ ਰੂਪ 'ਚ ਢਾਲੇਗਾ
ਨਗਰੀ ਦਾ ਸੱਚ
ਸ਼ੀਸ਼ੇ ਦਾ ਲਹੂ ਉਬਾਲੇਗਾ
ਸ਼ੀਸ਼ੇ ਦਾ ਲਹੂ
ਜਿਉਂ ਜਿਉਂ ਸੁੱਕਦਾ ਜਾਏਗਾਂ
ਨਗਰੀ ਦੇ ਪਿੰਡੇ ਚੋਂ
ਜੰਗਲ ਉੱਗਦਾ ਆਏਗਾ

-0-

ਤੂੰ ਜੋ ਨਗਰੀ
ਜੰਗਲ ਚੋਂ ਉੱਗਾਈ ਸੀ
ਉਹ ਨਗਰੀ

ਹੁਣ ਜੰਗਲ 'ਚ ਸਮਾਈ ਹੈ
ਉਸ ਨਗਰੀ 'ਚ
ਹੁਣ ਰੁੱਖਾਂ ਦਾ ਡੇਰਾ ਹੈ
ਉਸ ਨਗਰੀ ਦਾ
ਹਰਿਆਾਵਲਾ ਚਾਰ ਚੁਫੇਰਾ ਹੈ
ਉਸ ਨਗਰੀ ਦੇ ਪਿੰਡੇ
ਹੁਣ ਜੰਗਲ ਦੇ ਲਹੂ ਦਾ ਗੇੜਾ ਹੈ

-0-

ਉਸ ਨਗਰੀ ਦਾ ਚਿਹਰਾ
ਜੰਗਲ ਦੇ ਚਿਹਰੇ ਨਾਲ
ਮਿਲਦਾ ਹੈ
ਨਗਰੀ ਦੀ ਕੁੱਖ ਚੋਂ
ਜੰਗਲੀ ਫੁੱਲ ਖਿੜਦੇ ਹਨ
ਧਰਤੀ ਅੰਬਰ ਨੂੰ ਮਿਲਦੀ ਹੈ
ਅੰਬਰ ਧਰਤੀ ਨੂੰ ਮਿਲਦਾ ਹੈ

------

## ਸਮੇਂ ਦਾ ਸੰਤਾਪ

ਸਮੇਂ ਚੋਂ ਸਮੇਂ ਦਾ ਰੁੱਖ
ਉੱਗਿਆ ਹੈ
ਉਸਦੇ ਸਿਰ 'ਚ ਜੜ੍ਹਾਂ ਹਨ
ਜੜ੍ਹਾਂ ਦੀ ਥਾਂ ਸਿਰ ਹੈ
ਰੁੱਖ ਸਮੇਂ ਦੇ ਵਿਪਰੀਤ ਹੈ

−0−

ਸਮੇਂ ਨੂੰ ਜੜ੍ਹਾਂ ਦੀ ਥਾਂ ਜੜ੍ਹਾਂ
ਸਿਰ ਦੀ ਥਾਂ ਸਿਰ ਧਰਨ ਲਈ
ਆਪਣੇ ਅੰਦਰਲੇ
ਤੂਫ਼ਾਨਾਂ ਝੱਖੜਾਂ 'ਚ
ਜੜ੍ਹਾਂ ਤੋਂ ਉਖੜਨਾ ਪਏਗਾ
ਤਣੇ ਟਹਿਣੀਆਂ ਫੁੱਲਾਂ ਫੱਲਾਂ
ਪੱਤਿਆਂ ਤੋਂ ਟੁੱਟਣਾ ਪਏਗਾ
ਫਿਰ ਪਤਾ ਨਹੀਂ
ਕਿੰਨਾ ਚਿਰ ਹਵਾ 'ਚ ਲਟਕਣਾ
ਪਏਗਾ
ਆਪਣੇ ਪੈਰਾਂ ਦੀ ਧਰਤ ਲੱਭਣ ਲਈ
ਆਪਣੇ ਅਨੁਕੂਲ ਉੱਗਣ ਲਈ

−0−

ਅਜੇ ਤਾਂ
ਆਪਣੇ ਹੀ ਅੰਦਰ
ਗੁਆਚੇ ਸਮੇਂ ਨੂੰ
ਆਪਣੀ ਤਲਾਸ਼ ਹੈ
ਆਪਣੇ ਆਪੇ ਦੀ ਭਾਲ ਹੈ

ਸਹਿਰਾ ਹੋ ਗਏ ਸਮੁੰਦਰ
ਜੀਵਨ ਦੇ ਦਰਿਆਵਾਂ ਨੂੰ
ਨਦੀਆਂ ਦੀ ਭਾਲ ਹੈ
ਆਪਣੇ ਭਾਰ ਹੇਠ ਆਈ
ਧਰਤੀ 'ਚ ਧਸ ਗਈ ਧਰਤੀ ਨੂੰ
ਉੱਪਰ ਉਠਾਉਣਾ ਹੈ

-0-

ਆਪਣੇ 'ਚ ਵਸਦੇ
ਸਮੁੰਦਰ 'ਚ ਸੁੱਕਣਾ ਹੈ
ਆਪਣੇ ਜੰਗਲਾਂ 'ਚ
ਲੱਕੜ ਹੋਣਾ ਹੈ
ਆਪਣੇ ਵਿਚਲੇ ਪਹਾੜਾਂ 'ਚ
ਭੁਰਨਾ ਹੈ
ਸਮਾਂ ਜੋ ਹੋਰਾਂ ਲਈ
ਹੋਣੀ ਦਾ ਰੂਪ ਧਾਰਦਾ ਹੈ
ਸਮੇਂ ਨੇ ਆਪਣੀ ਹੋਣੀ
ਸਾਵੇਂ ਖਲੋਣਾ ਹੈ
ਕੁੱਝ ਸਿਰਜਣਾ ਹੈ
ਕੁੱਝ ਢਾਹੁਣਾ ਹੈ
ਆਪਣੇ ਆਪ ਦੀ ਪ੍ਰਕਰਮਾਂ
ਕਰਨੀ ਹੈ
ਆਪਾ ਰਿੜਕਣਾ
ਤੇ ਸੱਚ ਨੂੰ ਪਾਉਣਾ ਹੈ
ਵਿਪਰੀਤ ਰੁੱਖ ਦੇ
ਸਾਵੇਂ ਖਲੋਣਾ ਹੈ

ਆਪਣਾ ਆਪ
ਕਾਇਆਕਲਪ ਕਰਨਾ ਹੈ
ਵਿਪਰੀਤ ਰੁੱਖ ਦੀ ਥਾਂ
ਅਨੁਕੂਲ ਰੁੱਖ ਉਗਾਉਣਾ ਹੈ

-0-

ਸਮਾਂ
ਆਪਣੇ ਬੀਜ ਚੋਂ ਗੁਜ਼ਰ
ਰਿਹਾ ਹੈ
ਬੀਜ ਚੋਂ
ਜੋ ਵੀ ਉੱਗਿਆ ਹੈ
ਉਸਨੂੰ ਨਿਚੋੜ ਰਿਹਾ ਹੈ
ਆਪਣੇ ਭੂਤ ਚੋਂ
ਆਪਣਾ ਭਵਿੱਖ ਭਾਲ ਰਿਹਾ ਹੈ
ਜੋ ਸਮੇਂ ਦਾ ਚਿਹਰਾ ਹੈ
ਸਮੇਂ ਦਾ ਹਾਣ ਹੈ
ਜਿਸਨੂੰ
ਸਮਾਂ ਆਪਣੇ ਚਿਹਰੇ ਤੇ
ਉੱਗਾਉਣਾ ਚਾਹੁੰਦਾ ਸੀ
ਸਮਾਂ
ਆਪਣੇ ਭੂਤ ਚੋਂ ਨਿਕਲ
ਆਉਣਾ ਚਾਹੁੰਦਾ ਸੀ
ਸਮਾਂ ਭਵਿੱਖ ਹੋਣਾ ਚਾਹੁੰਦਾ ਸੀ

-0-

ਇਹ ਜੋ ਸਮੇਂ ਨੇ
ਆਪਣੀ ਪਿੱਠ ਤੇ ਉੱਗਾਇਆ ਹੈ

ਉਸਨੂੰ ਪੁਣਨਾ ਛਾਣਨਾ ਤੇ
ਉਸ ਚੋਂ ਅੱਜ ਨੂੰ ਅਲੱਗ ਕਰਨਾ ਹੈ
ਬਾਕੀ ਰਹਿ ਗਿਆ
ਦਿਸਹੱਦਿਆਂ ਤੇ
ਬੀਜ ਧਰਨਾ ਹੈ
ਜੇ ਉਸ ਚੋਂ ਭੂਤ ਉੱਗਦਾ ਹੈ
ਤਾਂ ਬਾਕੀ ਜੋ ਅਉੱਗਾ ਹੈ
ਉਹ ਭਵਿੱਖ ਸੀ
ਜੋ ਭੂਤ 'ਚ ਗੁਆਚ ਗਿਆ ਸੀ
ਉਹ ਧਰਤ ਸੀ
ਜੋ ਸਮਾਂ ਆਪਣੇ ਪੈਰਾਂ ਲਈ
ਤਲਾਸ਼ ਰਿਹਾ ਸੀ

-0-

ਇਸ ਲਈ ਸਮਾਂ
ਆਪਣੇ ਅੰਦਰਲੇ ਤੂਫ਼ਾਨਾਂ
ਝੱਖੜਾਂ 'ਚ
ਜੜ੍ਹਾਂ ਤੋਂ ਉਖੜਦਾ ਰਿਹਾ
ਸਮੁੰਦਰਾਂ 'ਚ ਸੁੱਕਦਾ ਰਿਹਾ
ਜੰਗਲਾਂ 'ਚ ਲੱਕੜ ਹੁੰਦਾ ਰਿਹਾ
ਪਹਾੜਾਂ 'ਚ ਭੁਰਦਾ ਰਿਹਾ
ਆਪਣੀ ਕਾਇਆਕਲਪ ਕਰਨ ਲਈ
ਵਿਪਰੀਤ ਰੁੱਖ ਦੇ ਅਨੁਕੂਲ ਬੀਜ ਧਰਨ ਲਈ
ਤਾਂ ਕਿ ਭਵਿੱਖ 'ਚ ਉੱਗਿਆ ਰੁੱਖ
ਸਮੇਂ ਦਾ ਚਿਹਰਾ ਲੱਗੇ ਪਿੱਠ ਨਾ ਲੱਗੇ
ਭਵਿੱਖ ਲੱਗੇ ਭੂਤ ਨਾ ਲੱਗੇ

-------

## ਪੋਤੜੇ

ਪਿੰਡ ਦੀ ਕੁੱਖ ਚੋਂ
ਸ਼ਹਿਰ ਜਨਮਿਆਂ ਹੈ
ਵਿਹੜੇ 'ਚ
ਖੁਸਰੇ ਨੱਚ ਰਹੇ ਹਨ
ਭੰਡ ਗਾ ਰਹੇ ਹਨ
ਬੂਹੇ ਤੇ ਸਰੀਂਹ ਦੇ ਪੱਤੇ
ਨਵ ਜਨਮੀ ਜ਼ਿੰਦਗੀ ਦਾ
ਪ੍ਰਦਰਸ਼ਨ ਕਰ ਰਹੇ ਹਨ

-0-

ਸ਼ਹਿਰ ਦੇ ਜਨਮ ਤੋਂ
ਬਾਅਦ
ਵਿਹੜਾ ਅਾਲੋਪ ਹੈ
ਖੁਸਰੇ ਆਲੋਪ ਹਨ
ਭੰਡ ਆਲੋਪ ਹਨ
ਸਰੀਂਹ ਨੇ ਤੇ ਉੱਗਣਾ ਹੀ
ਛੱਡ ਦਿੱਤਾ ਹੈ
ਸ਼ਹਿਰ ਨੇ ਪਿੰਡ ਦੀ ਤਲੀ ਤੇ
ਪਿੰਡ ਦਾ ਮੁਰਦਾ ਧਰ
ਦਿੱਤਾ ਹੈ

-0-

ਸ਼ਹਿਰ ਨੇ
ਆਪਣੀ ਦੇਹ ਚੋਂ ਪਿੰਡ ਨਿਚੋੜ
ਬਾਹਰ ਧੁੱਪੇ
ਸੁੱਕਣੇ ਪਾ ਦਿੱਤਾ ਹੈ

ਕਿ ਪਿੰਡ ਪੋਤੜਿਆਂ ਦੀ ਥਾਂ
ਨਵ-ਜੰਮੇ ਸ਼ਹਿਰ ਦੇ.
ਕੰਮ ਆ ਸਕੇ
ਸ਼ਹਿਰ ਦਾ ਮੈਲਾ ਕੁੱਛੜ
ਖਿਡਾ ਸਕੇ

-0-

ਜਿਸ ਪਿੰਡ ਨੇ
ਸ਼ਹਿਰ ਨੂੰ ਜੰਮਣ ਦਾ ਫਰਜ਼
ਨਿਭਾਇਆ ਹੈ.
ਸ਼ਹਿਰ ਨੇ
ਉਸ ਪਿੰਡ ਦਾ ਤੁਖ਼ਮ
ਮੁਕਾਇਆ ਹੈ

-0-

ਪਿੰਡ ਨੂੰ ਸ਼ਹਿਰੋਂ ਬਾਹਰ
ਦਫ਼ਨਾ ਦਿੱਤਾ
ਤੇ ਪਿੰਡ ਦੀ ਕਬਰ ਨੂੰ
ਤਾਲਾ ਲਾ ਦਿੱਤਾ
ਕਿ ਨਾ ਉਹ ਸ਼ਹਿਰ ਵੱਲ ਆਵੇ
ਨਾ ਸ਼ਹਿਰ ਉਸ ਵੱਲ ਜਾਵੇ
ਰੁੱਖ ਨੇ ਬੀਜ ਦਾ
ਰਿਸ਼ਤਾ ਮੁੱਕਾ ਦਿੱਤਾ
ਕੁੱਖ ਨੂੰ ਪੱਥਰ ਬਣਾ ਦਿੱਤਾ

-----

## ਜੀਵਨ ਧਾਰਾ

ਐ ਜੀਵਨ ਧਾਰਾ
ਤੇਰਾ ਆਦਿ ਕੀ ਹੈ
ਅੰਤ ਕੀ ਹੈ
ਮੈਂ ਨਹੀਂ ਜਾਣਦਾ
ਨਾ ਆਪਣਾ ਆਪ ਹੀ
ਸਿਆਣਦਾ ਹਾਂ
ਨਾ ਤੇਰਾ ਆਪਾ ਹੀ
ਪਹਿਚਾਣਦਾ ਹਾਂ

−0−

ਮੈਂ ਤੇਰੇ ਸੰਗ ਖੇਡਦਾ ਹਾਂ
ਕਦੀ ਸਭ ਕੁੱਝ ਆਪਣਾ
ਤੇਰੇ 'ਚ ਖਿਲਾਰ ਦਿੰਦਾ ਹਾਂ
ਕਦੀ ਸਮੇਟ ਲੈਂਦਾ ਹਾਂ

−0−

ਕਦੀ ਤੂੰ
ਮੇਰੇ ਤੇ ਕੁੱਝ ਲਿਖਦੀ ਹੈਂ
ਮੈਂ ਮੇਟ ਦਿੰਦਾ ਹਾਂ
ਕਦੀ ਮੈਂ
ਤੇਰੇ ਤੇ ਕੁੱਝ ਲਿਖਦਾਂ ਹਾਂ
ਤੂੰ ਮੇਟ ਦਿੰਦੀ ਹੈਂ
ਤੇਰਾ ਮੇਰਾ ਅਲਿਖਿਆ ਸਾਥ ਹੈ
ਕਦੀ ਤੇਰਾ ਦਿਨ ਹੈ
ਮੇਰੀ ਰਾਤ ਹੈ
ਕਦੀ ਮੇਰਾ ਦਿਨ ਹੈ ਤੇਰੀ ਰਾਤ ਹੈ

−0−

ਪਰ ਕਈ ਵਾਰ
ਤੂੰ ਮੇਰੇ ਤੇ ਕੁੱਝ ਲਿਖਿਆ ਹੈ
ਮੈਂ ਮੇਟ ਨਹੀਂ ਸਕਿਆ
ਮੈਂ ਤੇਰੇ ਤੇ ਕੁੱਝ ਲਿਖਿਆ ਹੈ
ਤੂੰ ਮੇਟ ਨਹੀਂ ਸਕੀ
ਸਿਰਫ਼ ਲਿਖਿਆ ਹੈ
ਨਾ ਕਦੀ ਤੂੰ ਉਸ ਤੇ ਤੁਰੀ ਹੈਂ
ਨਾ ਕਦੀ ਮੈਂ ਉਸ ਤੇ ਤੁਰਿਆ ਹਾਂ
ਫਿਰ ਵੀ
ਕੁੱਝ ਨਾ ਕੁੱਝ ਤਾਂ ਹੈ
ਜਿਸਨੂੰ ਮੇਟਣ ਲ਼ਈ
ਮੈਂ ਅਸਮਰੱਥ ਹਾਂ
ਤੂੰ ਅਸਮਰੱਥ ਹੈਂ

-0-

ਐ ਜੀਵਨ ਧਾਰਾ
ਕਦੀ ਤੂੰ
ਮੈਨੂੰ ਪਹਿਚਾਣਦੀ ਹੋਈ ਵੀ
ਪਹਿਚਾਨਣ ਤੋਂ
ਸਾਫ਼ ਇਨਕਾਰ ਕਰਦੀ ਹੈਂ
ਕਦੀ ਮੈਂ ਤੈਨੂੰ
ਨਾ ਪਹਿਚਾਣਦਾ ਹੋਇਆ ਵੀ
ਪਹਿਚਾਣ ਲੈਂਦਾ ਹਾਂ
ਇਹ ਵੀ ਤਾਂ ਕੁੱਝ ਹੈ
ਜੋ ਮੇਰੇ 'ਚ ਤੇਰੀ
ਤੇਰੇ 'ਚ ਮੇਰੀ ਪਹਿਚਾਣ ਧਰਦਾ ਹੈ

ਕਦੀ ਤੇਰੇ ਅੱਗੇ ਹੁੰਦਾ ਹੈ
ਕਦੀ ਮੇਰੇ ਪਿੱਛੇ ਹੁੰਦਾ ਹੈ

-0-

ਤੇਰੇ 'ਚ
ਜ਼ਰੂਰ ਕੁੱਝ ਮੇਰਾ ਹੈ
ਮੇਰੇ 'ਚ ਜ਼ਰੂਰ ਕੁੱਝ ਤੇਰਾ ਹੈ
ਜੋ ਪੁੱਠੇ ਪੈਰੀਂ ਤੁਰਿਆਂ ਵੀ
ਸਾਡੇ ਸਾਵੇਂ ਆ ਖਲੋਂਦਾ ਹੈ
ਸਾਡੀ ਵਿਪਰੀਤਤਾ 'ਚ
ਸਾਡੀ ਸਿੱਧ ਬੋਦ੍ਹਾ ਹੈ

-0-

ਕਦੀ ਤੇਰੀ ਕੰਡ
ਮੇਰੀ ਕੰਡ ਵੱਲ
ਕਦੀ ਮੇਰੀ ਕੰਡ
ਤੇਰੀ ਕੰਡ ਵੱਲ ਹੁੰਦੀ ਹੈ
ਤੇ ਚਿਹਰੇ
ਇਕ ਦੂਜੇ ਦੀ ਪਿੱਠ ਚੋਂ
ਝਾਕਦੇ ਹਨ
ਪਿੱਠ ਚੋਂ
ਆਪਣਾ ਆਪਣਾ ਵਰਤਮਾਨ
ਤੇ ਭਵਿੱਖ ਉਸਾਰਦੇ ਹਨ

-0-

ਆਪਣੇ ਆਪਣੇ
ਭਵਿੱਖ 'ਚ ਗੁਆਚੇ
ਆਪਣਾ ਆਪ ਭਾਲਦੇ ਹਨ
ਜਦ ਆਪਣਾ ਆਪ

ਭਾਲ ਲੈਂਦੇ ਹਨ
ਤਾਂ ਇਕ ਦੂਜੇ ਨੂੰ ਵਿਸਾਰ
ਦਿੰਦੇ ਹਨ
ਇਕ ਦੂਜੇ ਲਈ
ਗੁਆਚ ਜਾਂਦੇ ਹਨ

-0-

ਸ਼ਾਇਦ
ਮੈਂ ਨਜ਼ਰ ਤੋਂ
ਉਸ ਪਾਰ ਤੁਰ ਜਾਂਦਾ ਹਾਂ
ਤੂੰ ਨਜ਼ਰ ਤੋਂ
ਇਸ ਪਾਰ ਰਹਿ ਜਾਂਦੀ ਹੈਂ
ਨਾ ਮੈਂ ਹੀ
ਤੈਨੂੰ ਕੁੱਝ ਕਹਿੰਦਾ ਹਾਂ
ਨਾ ਤੂੰ ਹੀ
ਮੈਨੂੰ ਕੁੱਝ ਕਹਿੰਦੀ ਹੈਂ
ਤੂੰ ਵੀ ਇਕ ਚੁੱਪ ਜਿਉਂਦੀ ਹੈਂ
ਮੈਂ ਵੀ ਇਕ ਚੁੱਪ ਜਿਉਂਦਾ ਹਾਂ
ਤੂੰ ਆਪਣਾ ਬਨਵਾਸ ਹੰਢਾਉਂਦੀ ਹੈਂ
ਮੈਂ ਆਪਣਾ ਬਨਵਾਸ ਹੰਢਾਉਂਦਾ ਹਾਂ

-0-

ਐ ਜੀਵਨ ਧਾਰਾ
ਤੇਰਾ ਆਦਿ ਕੀ ਹੈ ਅੰਤ ਕੀ ਹੈ
ਮੈਂ ਨਹੀਂ ਜਾਣਦਾ
ਨਾ ਆਪਣਾ ਆਪਾ ਹੀ ਸਿਆਣਦਾ ਹਾਂ
ਨਾ ਤੇਰਾ ਆਪਾ ਹੀ ਪਹਿਚਾਣਦਾ ਹਾਂ

-----

## ਰਸੋਈ

ਮੈਂ ਦਰਵਾਜ਼ਾ ਖੋਲ੍ਹਿਆ
ਅੰਦਰ ਪ੍ਰਵੇਸ਼ਿਆ
ਰਸੋਈ ਚੋਂ
ਕੁੱਝ ਪੱਕਣ ਦੀ ਮਹਿਕ
ਆ ਰਹੀ ਸੀ
ਇਕ ਮਹਿਕ
ਰਾਤ ਭਰ ਜਾਗਣ ਪਿੱਛੋਂ
ਸਵੇਰੇ ਉੱਠਦੇ ਹੀ
ਮੈਨੂੰ ਮੇਰੇ ਚੋਂ ਆਉਂਦੀ ਹੈ

–0–

ਮੈਂ ਰਸੋਈ 'ਚ ਦਾਖ਼ਲ
ਹੋਇਆ
ਰਸੋਈ 'ਚ
ਮੇਰੇ ਹੀ ਅੰਗ ਮੇਰੇ ਹੀ ਨਕਸ਼
ਮੇਰੇ ਹੀ
ਹੱਡ ਪੈਰ ਰਿੱਝ ਰਹੇ ਸਨ
ਮੇਰੀ ਹੀ ਭੁੱਖ ਮਿਟਾਉਣ ਲਈ
ਮੇਰੀ ਹੀ ਊਰਜਾ
ਸਵੇਰੇ ਫਿਰ
ਕਿਸੇ ਉੱਚੀ ਇਮਾਰਤ ਦੀਆਂ
ਨੀਂਹਾਂ ਭਰਨ ਲਈ
ਉਬਲ ਰਹੀ ਸੀ

–0–

ਮੈਂ ਹਰ ਰੋਜ਼
ਆਪਣੀ ਸਰੀਰਕ ਊਰਜਾ
ਪਾਣੀ ਦੇ ਭਾਅ
ਬਾਜ਼ਾਰਾਂ ਸੜਕਾਂ ਤੇ ਮੰਡੀਆਂ 'ਚ
ਵੇਚਦਾ ਹਾਂ
ਤੇ ਕੁੱਝ ਸਿੱਕਿਆਂ 'ਚ
ਰਾਤ ਦਿਨ ਲਪੇਟਦਾ ਹਾਂ
ਆਪਣੀ ਪਤਨੀ ਤੇ ਬੱਚਿਆਂ
ਦੇ ਢਿੱਡ 'ਚ ਉਤਾਰਦਾ ਹਾਂ
ਤੇ ਵਧੇ ਨੌਂਹ ਕੱਟਣ ਵਾਂਗ
ਹਰ ਦਿਨ ਗੁਜ਼ਾਰਦਾ ਹਾਂ

-0-

ਪਰ ਅੱਜ ਤਾਂ ਮੈਂ
ਆਪਣੀ ਊਰਜਾ ਵੇਚਣ ਦੀ ਥਾਂ
ਆਪਣਾ ਸਾਰਾ ਸਰੀਰ ਹੀ
ਉਸ ਉੱਚੀ ਇਮਾਰਤ ਦੀਆਂ
ਨੀਂਹਾਂ ਹੇਠ ਦਬਾ
ਆਇਆ ਹਾਂ
ਕਿਉਂਕਿ
ਅੱਜ ਬਾਜ਼ਾਰਾਂ ਸੜਕਾਂ ਮੰਡੀਆਂ
ਸਾਰੇ ਸ਼ਹਿਰ 'ਚ ਹੜਤਾਲ ਹੈ
ਊਰਜਾ ਨਾ ਵੇਚਣ ਦਾ
ਨਾ ਖਰੀਦਣ ਦਾ ਸਵਾਲ ਹੈ

-0-

ਅਸਲ 'ਚ
ਇਹ ਮੇਰੀ ਪਤਨੀ ਤੇ
ਬੱਚਿਆਂ ਦੀ
ਭੁੱਖ ਰਿੱਝ ਰਹੀ ਹੈ
ਹੱਡ ਬਲ ਰਹੇ ਹਨ
ਸ਼ਹਿਰ ਦੀ ਫ਼ਿਜ਼ਾ 'ਚ
ਬੋਲ ਤਰ ਰਹੇ ਹਨ
ਕਿ ਅੱਜ
ਸ਼ਹਿਰ 'ਚ ਹੜਤਾਲ ਹੈ
ਕੋਈ ਗਾਹਕ ਊਰਜਾ ਦਾ ਨਹੀਂ
ਅੱਜ ਦਾ ਦਿਨ ਸੂਰਜਾਂ ਦਾ ਨਹੀਂ

------

## ਸਮੁੰਦਰ ਤੇ ਉਹ

ਉਹ ਸਮੁੰਦਰ ਤੋਂ ਡਰਦਾ ਸੀ
ਉਹ ਸਮੁੰਦਰ 'ਚ ਨਹੀਂ ਉਤਰਿਆ
ਉਸ ਸਮੁੰਦਰ ਆਪਣੇ 'ਚ ਉਤਾਰਿਆ
ਤੇ ਆਪਣਾ ਡਰ
ਖ਼ਾਲੀ ਹੋਏ ਸਮੁੰਦਰ ਦੀ ਝੋਲੀ 'ਚ
ਝਾੜਿਆ

-0-

ਹੁਣ ਸਮੁੰਦਰ ਦਾ ਤਲ
ਉਸਦੇ ਦਰਪਣ ਤੋਂ ਦਿੱਸਦਾ ਸੀ
ਉਸਦਾ ਤਲ
ਸਮੁੰਦਰ ਦੇ ਦਰਪਣ ਚੋਂ ਦਿਸਦਾ ਸੀ
ਉਹ ਉਹਦੇ ਲਈ ਨੰਗਾ ਸੀ
ਉਹ ਉਹਦੇ ਲਈ ਨੰਗਾ ਸੀ
ਦੋਵੇਂ ਇਕ ਦੂਜੇ ਲਈ ਨੰਗੇ ਸਨ
ਭੈਅ ਰਹਿਤ ਹੋ
ਇਕ ਦੂਜੇ 'ਚ ਰੰਗੇ ਸਨ

-----

# ਕੋਝਾ ਚਿਹਰਾ ਸੁੰਦਰ ਨਕਸ਼

ਕਿੰਨਾ ਕੋਝਾ ਹੈ
ਇਸ ਦੁਨੀਆਂ ਦਾ ਚਿਹਰਾ
ਕਿੰਨੇ ਖ਼ੁਬਸ਼ੂਰਤ ਹਨ
ਇਹ ਫੁੱਲ
ਜੋ ਇਸ ਚਿਹਰੇ ਤੇ ਖਿੜੇ ਹਨ

-0-

ਇਨ੍ਹਾਂ ਫੁੱਲਾਂ
ਆਪਣੇ ਘਰ ਦੀ ਹਰ ਕੰਧ ਚੋਂ
ਆਪਣਾ
ਚਿਹਰਾ ਉੱਗਾਇਆ ਹੈ
ਆਪਣੀ ਛੱਤ ਤੇ
ਆਪਣੀਆਂ ਅੱਖ੍ਹਾਂ ਲਾਈਆਂ
ਹਨ
ਘਰ ਦੇ ਫਰਸ਼ ਤੇ
ਆਪਣੇ ਪੈਰ ਬੀਜੇ ਹਨ
ਘਰ ਦੇ ਵਜ਼ੂਦ 'ਚ
ਆਪਾ ਬਿਠਾਇਆ ਹੈ

-0-

ਇਨ੍ਹਾਂ ਦੇ ਘਰ ਦੇ ਦਰਵਾਜ਼ੇ
ਅੱਗੇ
ਇਕ ਤਰਲ ਅੰਗਾਂ
ਬਾਲ ਮੋਇਆ ਹੈ
ਇਨ੍ਹਾਂ
ਆਪਣਾ ਦਰ ਢੋਅ ਲਿਆ ਹੈ

ਉਸ ਬਾਲ ਨੂੰ ਰੋ ਲਿਆ ਹੈ
ਇਹ ਆਪਣੇ ਅੱਥਰੂ
ਲੋਕਾਂ ਨੂੰ ਵਿਖਾਉਣਾ ਨਹੀਂ
ਚਾਹੁੰਦੇ
ਆਪਣਾ ਚਿਹਰਾ
ਲੋਕਾਂ ਦੀਆਂ ਅੱਖਾਂ 'ਚ
ਵਸਾਉਣਾ ਨਹੀਂ ਚਾਹੁੰਦੇ
ਇਹ ਦੁਨੀਆਂ ਤੋਂ ਵੱਖਰੇ ਹਨ
ਦੁਨੀਆਂ ਹੋਣਾ ਨਹੀਂ ਚਾਹੁੰਦੇ

-0-

ਇਨ੍ਹਾਂ ਦੇ ਘਰ ਪਿੱਛਵਾੜੇ
ਇਕ ਅੱਧ ਖਿੱਲੀ
ਕਲੀ ਦਾ ਰੇਪ ਹੋਇਆ ਹੈ
ਇਨ੍ਹਾਂ ਘਰ ਦੇ ਬੂਹੇ ਬਾਰੀਆਂ
ਸਭ ਬੰਦ ਕਰ ਲਈਆਂ
ਤੇ ਆਪਣੀਆਂ
ਬੱਚੇਦਾਨੀਆਂ
ਆਪਣੀਆਂ ਤਲੀਆਂ ਤੇ
ਧਰ ਲਈਆਂ
ਬੱਚੇਦਾਨੀਆਂ 'ਚ
ਆਪਣਿਆਂ ਸਿਵਿਆਂ ਨੂੰ
ਬਾਲਿਆ
ਜਿਸਮ ਦੀ ਰਾਖ਼ ਹੋ ਕੇ

ਰੇਪ ਹੋਈ ਕਲੀ ਦਾ ਗ਼ਮ
ਦਿਲ ਤੇ ਸਹਾਰਿਆ
ਅਥਰੂਆਂ 'ਚ ਉਤਾਰਿਆ

-0-

ਇਨ੍ਹਾਂ ਦੀ ਛੱਤ ਤੇ
ਇਕ ਬਾਜ ਨੇ
ਇਕ ਚਿੜੀ ਕਤਲ ਕੀਤੀ ਹੈ
ਲਹੂ ਸੰਗ ਛੱਤ ਰੰਗ ਦਿੱਤੀ ਹੈ
ਇਨ੍ਹਾਂ ਦੇ ਸਿਰ ਦਾ ਅਸਮਾਨ
ਲਹੂ ਦਾ ਹੋਇਆ ਹੈ
ਇਨ੍ਹਾਂ ਦੀ ਪੈਰਾਂ ਦੀ ਧਰਤੀ 'ਚ
ਇਨ੍ਹਾਂ ਦਾ ਸਫ਼ਰ ਮੋਇਆ ਹੈ

-0-

ਇਹ ਲਹੂ ਦੇ ਅੰਬਰ ਹੇਠ
ਸਫ਼ਰ ਦੀ ਲਾਸ਼ ਚੁੱਕੀ
ਉਸ ਚਿੜੀ ਦੇ ਆਲ੍ਹਣੇ ਦੇ
ਦਰ ਤੇ ਆਏ ਹਨ
ਉੱਡੀਕਦੀ ਮਾਂ ਨੂੰ
ਦੋ ਬੋਟ ਜਿੱਥੇ ਮਰ ਗਏ ਹਨ
ਸਫ਼ਰ ਜ਼ਿੰਦਗੀ ਦਾ
ਖੰਭ ਖੋਲ੍ਹਣ ਤੋਂ ਪਹਿਲਾਂ ਹੀ
ਪੂਰਾ ਕਰ ਗਏ ਹਨ

-0-

ਇਹ ਦੁਨੀਆਂ ਦੀ
ਹਮਦਰਦੀ
ਸਹਿਮਤੀ ਤਰਸ ਤੇ ਸੱਚ ਤੋਂ
ਜਾਣੂ ਹਨ
ਇਹ ਦੁਨੀਆਂ ਦੇ
ਅੰਦਰਲੇ ਚਿਹਰੇ ਦੇ ਪ੍ਰਮਾਣੂ ਹਨ
ਦੁਨੀਆਂ
ਖਿੜੇ ਫੁੱਲਾਂ ਦੇ ਜਿਸਮਾਂ ਤੇ
ਤੇਲ ਪਾਉਂਦੀ ਹੈ
ਸੜਦੇ ਜਿਸਮ ਵੇਖ ਕੇ
ਪਿਆਸ ਨਜ਼ਰਾਂ ਦੀ ਬੁਝਾਉਂਦੀ ਹੈ

–0–

ਦੁਨੀਆਂ 'ਚ
ਕੋਈ ਕਿਸੇ ਦਾ ਨਹੀਂ
ਸਭ ਮੇਰਾ ਹੀ ਮੇਰਾ ਹੈ
ਬਾਲ ਕਲੀ ਤੇ ਚਿੱੜੀ
ਦੁਨੀਆਂ ਦਾ ਆਪਣਾ ਨਹੀਂ
ਪਰਾਇਆ ਚਿਹਰਾ ਹੈ
ਕੋਈ ਮਰ ਗਿਆ
ਰੇਪ ਹੋਇਆ ਕਤਲ ਹੋਇਆ
ਦੁਨੀਆਂ ਦਾ ਨਹੀਂ
ਤੇਰਾ ਹੀ ਤੇਰਾ ਹੈ
ਆਪਣੇ ਲਈ ਹੋਰ ਕਿਸੇ ਲਈ ਹੋਰ
ਇਸ ਦੁਨੀਆਂ ਦਾ ਚਿਹਰਾ ਹੈ

------

## ਵਿਰਾਟ ਰੂਪ

ਕ੍ਰਿਸ਼ਨ ਦਾ ਵਿਰਾਟ ਰੂਪ
ਵਿਸ਼ਵ ਹੋਂਦ ਪ੍ਰਤੀਕ ਦਾ
ਸਰੂਪ ਸੀ
ਸੰਸਾਰ ਦੇ ਕਰਤੇ ਪਾਲਣਹਾਰੇ
ਤੇ ਕਰਤੇ ਦਾ ਰੂਪ ਸੀ

-0-

ਕ੍ਰਿਸ਼ਨ ਨੇ
ਵਿਅਕਤੀਗਤ ਅਨੁਭਵ ਚੋਂ
ਵਿਸ਼ਵ ਚੇਤਨਾ ਦਾ ਸੱਚ
ਪਾਇਆ
ਤੇ ਵਿਸ਼ਵ ਦਾ ਵਿਰਾਟ ਰੂਪ
ਅਰਜਨ ਨੂੰ
ਆਪਣੇ ਚੋਂ ਵਿਖਾਇਆ

-0-

ਇਹ ਕ੍ਰਿਸ਼ਨ ਦੇ
ਅੰਦਰਲੇ ਬ੍ਰਹਿਮੰਡ ਦਾ
ਅਨੁਭਵ ਸੀ
ਜੋ ਅਰਜਨ ਨੂੰ
ਭਰਮ ਦਾ ਭਰਮ ਸੱਚ ਦਾ ਸੱਚ
ਸਮਝਾਉਣ ਲਈ ਪ੍ਰਗਟਾਇਆ ਗਿਆ

-0-

ਅਰਜਨ ਨੂੰ
ਬ੍ਰਹਮ ਦਾ ਤਤਵ ਸੱਚ
ਸਮਝਾਇਆ ਗਿਆ

ਪ੍ਰਭੂ ਨੇ ਫੁਰਮਾਇਆ
ਹੇ ਅਰਜਨ ਵੇਖ
ਬ੍ਰਹਮ ਤੇਰੇ ਸੰਗ ਹੈ
ਤੇਰੀ ਫ਼ਤਹਿ ਨਿਸਚਿਤ ਹੈ
ਵਿਸ਼ਵ ਚੇਤਨਾ ਦਾ ਯਥਾਰਥਕ
ਸੱਚ
ਜੋ ਕ੍ਰਿਸ਼ਨ ਦਾ ਵਿਰਾਟ ਰੂਪ ਹੈ
ਤੇਰੇ ਅੰਗ ਹੈ

-0-

ਸੱਚ ਦੀ ਪਹਿਚਾਣ ਲਈ
ਕ੍ਰਿਸ਼ਨ ਨੇ ਆਪਣਾ ਵਿਰਾਟ ਰੂਪ
ਅਰਜਨ ਨੂੰ ਵਿਖਾਇਆ ਹੈ
ਤਾਂ ਕਿ ਅਰਜਨ ਆਪਣੇ ਸੱਚ ਨੂੰ
ਤੇ
ਵਿਸ਼ਵ ਦੇ ਸੱਚ ਨੂੰ ਪਹਿਚਾਣ ਸਕੇ
ਮੋਹ ਮਾਇਆ ਦਾ ਭਰਮ
ਤੇ ਲੋਭ ਤਿਆਗ ਸਕੇ

-0-

ਅਰਜਨ ਲਈ
ਆਪਣੀ ਆਤਮਾ ਤੋਂ
ਵਿਸ਼ਵ ਆਤਮਾ ਦੇ ਸਫ਼ਰ ਲਈ
ਵਿਰਾਟ ਰੂਪ ਇਕ ਬੀਜ ਸੀ
ਜੋ ਕ੍ਰਿਸ਼ਨ ਨੇ
ਅਰਜਨ ਦੀ ਮਨ ਦੀ ਧਰਤੀ ਤੇ
ਬੀਜਿਆ

ਜਿਸ ਚੋਂ
ਵਿਸ਼ਵ ਸੱਚ ਦਾ ਰੁੱਖ ਪ੍ਰਗਟਿਆ
ਜਿਸਦਾ ਯਥਾਰਥ ਅਨੁਭਵੀ
ਅਰਜਨ ਆਪ ਸੀ

–0–

ਕੁਰੁਕਸ਼ੇਤਰ ਦੇ ਮੈਦਾਨ 'ਚ ਹੀ
ਅਰਜਨ ਨੇ
ਆਪਣਾ ਅਧਿਆਤਮਕ ਸਫ਼ਰ
ਕੀਤਾ
ਤੇ ਕ੍ਰਿਸ਼ਨ ਗੁਰੂ ਕ੍ਰਿਪਾ ਸੰਗ
ਵਿਸ਼ਵ ਚੇਤਨਾ ਦੇ ਅਨੁਭਵੀ ਸੱਚ ਨੂੰ
ਆਪਣੇ 'ਚ ਉਤਾਰਿਆ
ਤੇ ਆਪਣੇ ਆਪ 'ਚ ਸਵੈ
ਵਿਰਾਟ ਰੂਪ ਧਾਰਿਆ
ਉਸਦੇ ਸ਼ੰਕੇ ਨਵਿਰਤ ਹੋ ਗਏ
ਸੱਚ ਦੇ ਸੱਚ ਤੋਂ ਪਰਿਚਿਤ ਹੋ ਗਏ

–0–

ਅਰਜਨ
ਖ਼ੁਦ ਜਦ ਵਿਰਾਟ ਰੂਪ ਹੋ ਗਿਆ
ਤਾਂ ਉਸ ਆਪਣਾ ਧਨੁਸ਼ ਉੱਠਾਇਆ
ਫ਼ਤਹਿ ਦੀ ਨਿਸਚਿਤਤਾ ਨੂੰ
ਮਨ 'ਚ ਵਸਾਇਆ
ਅਰਜਨ ਦੀ ਇਹ ਨਿਸਚਿਤਤਾ ਹੀ
ਕੌਰਵਾਂ ਨੂੰ ਮੁਕਾ ਗਈ
ਕੁਰੁਕਸ਼ੇਤਰ ਤੇ ਫ਼ਤਹਿ ਪਾ ਗਈ

–0–

ਕ੍ਰਿਸ਼ਨ ਦਾ ਵਿਰਾਟ ਰੂਪ
ਵਿਸ਼ਵ ਹੋਂਦ ਪ੍ਰਤੀਕ ਦਾ
ਸਰੂਪ ਸੀ
ਸੰਸਾਰ ਦੇ ਕਰਤੇ ਪਾਲਣਹਾਰੇ
ਤੇ ਕਰਤੇ ਦਾ ਰੂਪ ਸੀ

-0-

ਕ੍ਰਿਸ਼ਨ ਨੇ
ਵਿਅਕਤੀਗਤ ਅਨੁਭਵ ਚੋਂ
ਵਿਸ਼ਵ ਚੇਤਨਾ ਦਾ ਸੱਚ
ਪਾਇਆ
ਤੇ ਵਿਸ਼ਵ ਦਾ ਵਿਰਾਟ ਰੂਪ
ਅਰਜਨ ਨੂੰ
ਆਪਣੇ ਚੋਂ ਵਿਖਾਇਆ

-----

# ਅੰਕੁਰ

## (ਕਾਵਿ-ਸੰਗ੍ਰਹਿ)

ਚਰਨ ਸਿੰਘ

ਪੇਸ਼ਕਸ਼
ਪੰਜਾਬ ਬੁੱਕ ਸੈਂਟਰ

# ਤਤਕਰਾ

ਚਾਰ ਸੌ
ਲਘੂ ਕਵਿਤਾਵਾਂ

ਬਸਤੀ ਦੀ ਕਬਰ

ਤਿੱਤਲੀ ਦੇ ਪਰਾਂ ਤੇ
ਵੇਖ ਕਤਰਾ ਸ਼ਬਨਮ ਦਾ
ਬੱਦਲ ਸਾਗਰ ਉਠਾ ਕੇ ਤੁਰ ਪਿਆ

–0–

ਦੇਖਿਆ ਦੇਹ ਨੇ
ਸਾਇਆ ਧੁੱਪੇ ਸੜ ਰਿਹਾ
ਰੁੱਖ ਬਣ
ਸਾਏ ਦੇ ਸਿਰ ਤੇ ਖਲੋ ਗਈ

–0–

ਸੜਦਾ ਸੂਰਜ ਤਪਦਾ ਥਲ ਸੀ
ਰੁੱਖ ਨੇ ਮੱਥੇ ਤੇ ਚੰਨ ਖੁੰਣਵਾ ਲਿਆ

–0–

ਰੁੱਖ ਤੁਰਦਾ ਤੁਰਦਾ ਸੋਚਦਾ ਹੈ
ਆਦਮੀ ਹੋਣ ਤੋਂ ਪਹਿਲਾਂ
ਚੰਗਾ ਹੈ ਰੁੱਖ ਰੁੱਖ ਹੀ ਰਹੇ

–0–

ਪੱਥਰ ਹੈ
ਗਤੀ ਦੀ ਕੁੱਖ ਹੈ
ਤੁਰਦਾ ਪਹਾੜ ਹੈ ਦੌੜਦਾ ਰੁੱਖ ਹੈ

-0-

ਧਿਰਾਂ ਦੀ ਵੰਡ ਹੈ ਆਦਮੀ
ਆਦਮੀ ਦੀ
ਆਪਣੀ ਕੋਈ ਧਿਰ ਨਹੀਂ

-0-

ਸਹਿਰਾ ਦਾ ਸੱਚ
ਸਹਿਰਾ ਦੀ ਤ੍ਰਿਸ਼ਨਾ 'ਚ ਮੌਜੂਦ ਹੈ
ਤ੍ਰਿਸ਼ਨਾ ਹੀ ਸਾਗਰ ਦਾ ਵਜੂਦ ਹੈ

-0-

ਜ਼ਿੰਦਗੀ ਨਿਰੰਤਰਤਾ ਹੈ
ਰੁਕ ਗਈ
ਤਾਂ ਪੁੱਠੇ ਪੈਰਾਂ ਦਾ ਸਫ਼ਰ ਹੈ

-0-

ਝਰਨਾ ਉਪਰੋਂ ਡਿੱਗਦਾ ਹੈ
ਆਪਣੀ ਜੜ੍ਹ ਦੀ ਤਲਾਸ਼ 'ਚ
ਆਪਣੀ ਮਿੱਟੀ ਦੇ ਸੱਚ ਦੀ ਭਾਲ 'ਚ

-0-

ਨਜ਼ਰ ਹੈ
ਖਲਾਅ ਹੈ ਖ਼ਾਲੀ ਨਹੀਂ
ਅੱਖ ਨਜ਼ਰ ਦਾ ਆਗ਼ਾਜ਼ ਹੈ
ਖਲਾਅ ਨਜ਼ਰ ਦਾ ਹਸ਼ਰ ਹੈ

-0-

ਰੁਕਦਿਆਂ ਲਈ ਮੌਤ ਹੈ
ਚਲਦਿਆਂ ਸਾਹਾਂ ਲਈ
ਜ਼ਿੰਦਗੀ ਕੋਈ ਨਹੀਂ

-0-

ਵਿਸ਼ਵਾਸ ਹੈ
ਤਾਂ ਪੱਥਰ ਰੱਬ ਹੈ
ਵਿਸ਼ਵਾਸ ਨਹੀਂ
ਤਾਂ ਬੰਦਗੀ ਬੰਦਗੀ ਨਹੀਂ

-0-

ਸੱਚ ਗੁਆ ਕੇ ਸ਼ਹਿਰ 'ਚ
ਜੰਗਲ ਵੱਲ ਨੂੰ ਮੁੜਦੇ ਲੋਕ
ਆਪਣਾ ਚਿਹਰਾ ਜਦ ਵੀ ਤੱਕਣ
ਆਪਣੇ ਗਲ ਲੱਗ ਝੁਰਦੇ ਲੋਕ

-0-

ਕੰਧਾਂ ਛੱਤਾਂ
ਵਿਹੜੇ ਨੂੰ ਵੀ ਪਹਿਚਾਣੋ
ਦਰ ਹੀ ਸਿਰਫ਼
ਘਰ ਦੀ ਸ਼ਨਾਖ਼ਤ ਨਹੀਂ

-0-

ਚਸ਼ਮਾ ਸਿਰਫ਼ ਅੰਬਰ ਛੋਂਹਦਾ ਹੈ
ਧਰਤੀ ਆਦਿ ਅੰਤ ਹੈ ਉਸਦਾ
ਧਰਤੀ ਤੇ ਮਰਦਾ ਧਰਤੀ ਤੇ ਜਿਉਂਦਾ ਹੈ

-0-

ਦੋ ਨੈਣ
ਆਪਣੀ ਛਾਂ ਤੋਂ ਭੱਜਣ
ਅਜ਼ਨਬੀ ਦੀ ਧੁੱਪੇ ਬਹਿਣ

-0-

ਜੀਵਨ ਆਦਿ ਮੌਤ ਅੰਤ ਹੈ
ਆਦਮੀ ਮੌਤ ਦਾ ਸੱਚ ਹੈ
ਜੀਵਨ ਦਾ ਭਰਮ ਹੈ

–0–

ਖੁੱਲ੍ਹਾ ਦਰ ਸੁੱਕਣੇ ਪਏ ਦੋ ਨੈਣ
ਦੂਰ ਤਕ ਗਲੀ 'ਚ
ਹਵਾ ਨਹੀਂ ਹਵਾ ਦਾ ਸਾਇਆ ਨਹੀਂ

–0–

ਸਭ ਐਸ਼ਵਰੀਆਂ ਸੁੱਖ ਤਿਆਗ
ਸੜਕ–ਘਰਾਂ 'ਚ ਆਏ ਲੋਕ
ਮਨ ਦੀ ਸ਼ਾਂਤੀ ਭਾਲਣ ਨਿਕਲੇ
ਜਿਉਂਦੇ ਘਰਾਂ ਦੇ ਮੁਰਦੇ ਲੋਕ

–0–

ਪਹਾੜ ਹੈ
ਪੈਰਾਂ 'ਚ ਵਗਦਾ ਦਰਿਆ ਹੈ
ਪਹਾੜ ਗਲ 'ਚ ਪੱਥਰ ਪਾਈ
ਪਾਣੀ ਵਿਚ ਹੈ ਤਰਦਾ

–0–

ਸਵੈ ਸੱਚ ਜੇ ਨਜ਼ਰ ਆਏ
ਆਦਮੀ
ਧਰਮਾਂ 'ਚ ਨਾ ਵੰਡਿਆ ਜਾਏ
ਆਦਮੀ ਸਿਰਫ਼ ਆਦਮੀ ਕਹਾਏ

-0-

ਏਨੇ ਦੌੜੇ ਤੇਜ਼ ਹਵਾ ਤੋਂ
ਆਪਾ ਪਿੱਛੇ ਭੁੱਲ ਗਏ ਲੋਕ
ਆਪਣੇ ਆਪ ਦੀਆਂ ਗੇਂਦਾਂ ਬਣਦੇ
ਸੜਕਾਂ ਉੱਤੇ ਭੁੱਲ੍ਹ ਗਏ ਲੋਕ

-0-

ਜੇ ਪਾਣੀ ਤੇ ਤਰਿਆ ਜਾ ਸਕਦਾ ਹੈ
ਤਾਂ ਤੁਰਿਆ ਕਿਉਂ ਨਹੀਂ
ਸੱਚ ਦੀ ਸੂਲੀ ਤੇ ਲਟਕਦਾ ਸਵਾਲ ਹੈ

-0-

ਉਹ ਆਪਣੇ ਅੰਦਰ ਉਤਰਿਆਂ
ਮੁੜ ਬਾਹਰ ਨਹੀਂ ਆਇਆ
ਭਾਲਦਾ ਹੈ ਦਰ ਕਿੱਧਰ ਗਿਆ ਹੈ ਉਹ

-0-

ਸ਼ੀਸ਼ੇ ਦਾ ਸ਼ਹਿਰ ਹੈ ਸ਼ੀਸ਼ੇ ਲੋਕ
ਬੈਂਕ ਯਾਰਡ 'ਚ
ਖੂਹੀ ਤੋਂ ਪਾਣੀ ਭਰਦੀਂ
ਮੁਟਿਆਰ ਦਾ ਇਕ ਬੁੱਤ ਹੈ

–0–

ਚੁੱਪ ਚੁਪੀਤੇ ਕੁਝ ਨਾ ਬੋਲਣ
ਆਪਣੇ ਦੁਸ਼ਮਣ ਹੋਏ ਲੋਕ
ਸੱਚ ਸ਼ਹਿਰ ਦੀ ਸੂਲੀ ਟੰਗਿਆ
ਸ਼ੋਰ ਦੀ ਮੌਤੇ ਮੋਏ ਲੋਕ

–0–

ਉਹ ਹੈ ਪਾਣੀ ਦਾ ਗਿਲਾਸ ਹੈ
ਉਸਦੀ ਪਿਆਸ ਬੁੱਝ ਗਈ
ਗਿਲਾਸ ਪਿਆਸਾ ਹੋ ਗਿਆ

–0–

ਜ਼ਿੰਦਗੀ ਦਾ ਸਫ਼ਰ ਹੈ
ਆਦਮੀ ਸੁਸਤਾ ਰਿਹਾ
ਉਮਰ ਘੱਟਦੀ ਸਫ਼ਰ ਵੱਧਦਾ ਜਾ ਰਿਹਾ

–0–

ਸ਼ਹਿਰ ਹੈ ਜੰਗਲ ਹੈ
ਜੰਗਲ ਸ਼ਹਿਰ ਦੀ ਕੁੱਖ ਹੈ
ਸ਼ਹਿਰ ਜੰਗਲ ਦੀ ਕਬਰ ਹੈ

-0-

ਪਰਦੇ ਪਾ ਸੱਚ ਲੁਕਾਉਂਦੇ
ਝੂਠ ਵੇਚਦੇ ਝੂਠ ਕਮਾਉਂਦੇ
ਇਕ ਦੂਜੇ ਦੀ ਧੁੱਪੇ ਬਹਿ ਕੇ ਠਰਦੇ ਲੋਕ
ਮੁਰਦਾ ਸ਼ਹਿਰ 'ਚ ਕੁਰਬਲ ਕੁਰਬਲ ਕਰਦੇ ਲੋਕ

-0-

ਰੌਣਕਾਂ ਰੰਗੀਨੀਆਂ ਜਿਸਮ ਹਨ
ਬਸਤਰ ਨਹੀਂ
ਚਰਖ਼ੇ ਦੀ ਘੂਕਰ ਸੁਣ ਰਹੀ ਹੈ
ਜ਼ਿੰਦਗੀ ਕੁੱਝ ਬੁਣ ਰਹੀ ਹੈ

-0-

ਲੋਕ ਹਨ ਸੜਕਾਂ ਤੇ ਰੌਸ਼ਨੀ ਹੈ
ਮਸਤਕ ਦੀ ਜੋਤ ਬੁੱਝੀ ਹੈ
ਜ਼ਿੰਦਗੀ ਆਪਣੇ ਹਨ੍ਹੇਰੀਂ ਆਪ ਰੁੱਝੀ ਹੈ

-0-

ਮਨੁੱਖ ਜੇ ਆਪਣਾ ਸਵੈ
ਆਪਣੇ ਹਿਰਦੇ 'ਚ ਉਤਾਰੇ
ਸੁਫ਼ਨੇ ਸੱਚ ਹੋ ਜਾਵਣ
ਜੋ ਕਲਪਤ ਮਨ ਉਸਾਰੇ

-0-

ਸੂਰਜੀ ਰੌਸ਼ਨੀ ਦੇ ਅੰਬਾਰ ਹਨ
ਮਨੁੱਖ ਦੇ ਬਾਹਰ ਚਾਨਣ ਹੈ
ਅੰਦਰ ਹਨ੍ਹੇਰੇ ਬੇਸ਼ੁਮਾਰ ਹਨ

-0-

ਲੋਕ ਲੋਕਾਂ ਚੋਂ ਗੁਜ਼ਰਦੇ ਵਿਚਰਦੇ
ਅਜ਼ਨਬੀ ਹੁੰਦੇ ਜਾ ਰਹੇ ਹਨ
ਆਪਣੇ ਸੱਚ ਦਾ ਭੁੱਲੇਖਾ ਖਾ ਰਹੇ ਹਨ

-0-

ਸਫ਼ਰ 'ਚ ਨਿਕਲੇ
ਰਾਹ ਤੁਰੇ ਪਰ ਪੈਰ ਖੜ੍ਹੇ ਹਨ
ਸ਼੍ਰਿਸਟੀ ਦੀ ਪ੍ਰਕਰਮਾਂ ਕਰ
ਪੱਥਰ ਪੱਥਰ ਹੋਏ ਲੋਕ

-0-

ਮੁਲਕ਼ ਹੈ ਆਬਾਦੀ ਹੈ
ਨਾ ਮੁਲਕ਼ ਆਬਾਦੀ ਦਾ ਹੈ
ਨਾ ਆਬਾਦੀ ਮੁਲਕ਼ ਦੀ ਹੈ

-0-

ਆਦਮੀ ਨੇ ਆਪਣੇ ਲਹੂ 'ਚ
ਜੋ ਬੀਜੀਆਂ ਕੰਧਾਂ
ਉੱਗ ਆਈਆਂ ਆਦਮੀ ਦੀ ਨਜ਼ਰ 'ਚ

-0-

ਭੀੜ ਹੈ
ਇਕੱਲਾ ਆਦਮੀ ਹੈ
ਸਿਫ਼ਰਿਆਂ ਦੀ ਜਮ੍ਹਾਂ ਚੋਂ
ਹੈ ਮਨਫ਼ੀ ਏਕਾ

-0-

ਜ਼ਿੰਦਗੀ ਦੁੱਖਾਂ 'ਚ ਗੁਜ਼ਰੀ
ਸੁੱਖਾਂ ਦੀ ਭਾਲ 'ਚ ਤਰਲੇ ਪਾਉਂਦੇ
ਕਬਰਾਂ ਵੱਲ ਤੁਰੇ ਨੇ ਲੋਕ
ਸੁਣਿਐ ਖ਼ਾਲੀ ਮੁੜੇ ਨੇ ਲੋਕ

-0-

ਪਾਤਰ ਹਨ
ਰੰਗ ਮੰਚ ਹੈ ਦਰਸ਼ਕ ਨਹੀਂ
ਲੀਲਾ ਦਾ ਦੁਖਾਂਤ ਹੈ
ਮੰਚ ਦੀ ਤੌਹੀਨ ਹੈ

-0-

ਛੱਤ ਹੈ ਕੰਧਾਂ ਹਨ
ਕੋਰਾ ਚੁੱਲ੍ਹਾ ਕੋਰਾ ਘੜਾ ਹੈ
ਵਿਹੜਾ ਕਿਸੇ ਦੇ ਆਉਣ ਦੀ
ਉੱਡੀਕ ਦੇ ਵਿਚ ਖੜ੍ਹਾ ਹੈ

-0-

ਹੋਵੇਗਾ ਦੀਦਾਰ ਜੇ ਤੇਰਾ
ਤਾਂ ਰੁੱਖਾਂ ਨੂੰ ਪੱਤ ਪੈਣਗੇ
ਨਹੀਂ ਤਾਂ ਜੜ੍ਹ ਤੋਂ ਸੁੱਕ ਜਾਣਗੇ
ਦੀਦ ਤੇਰੀ ਲਈ ਤਰਸਦੇ ਰਹਿਣਗੇ

-0-

ਚਿਹਰਿਆਂ ਦਾ ਹਜੂਮ ਹੈ
ਹਰ ਚਿਹਰਾ ਚਿਹਰਿਆਂ ਦੀ
ਪਹਿਚਾਣ ਤੋਂ ਮਹਿਰੂਮ ਹੈ

-0-

ਜੰਗਲ ਵਿਚ ਸ਼ਹਿਰ ਹੈ
ਸ਼ਹਿਰ ਵਿਚ ਜੰਗਲ ਹੈ
ਜਮ੍ਹਾਂ ਵੀ ਹੈ ਮਨਫ਼ੀ ਵੀ ਹੈ
ਹਾਸਲ ਆਲੋਪ ਹੈ

-0-

ਮਨੁੱਖੀ ਬੀਜ ਦਾ ਸੱਚ ਹੈ
ਸਰਬੱਤ ਦਾ ਭਲਾ ਏਕ ਨੂਰ
ਨਾ ਵੈਰੀ ਨਾ ਹੀ ਬੇਗ਼ਾਨਾ
ਲੋਕ ਲੁਕਾਈ ਲੋਕ ਜ਼ਮਾਨਾ

-0-

ਦਰ ਹੋਈਆਂ ਉਡੀਕ 'ਚ ਅੱਖਾਂ
ਸੁੱਕਣੇ ਪਿਆ ਦਰਵਾਜ਼ਾ
ਨਾ ਬੂਹੇ ਤੇ ਦਸਤਕ ਹੋਈ
ਨਾ ਕੋਈ ਬੋਲ ਸੁਣਾਈ ਦਿੱਤਾ

-0-

ਚੁੱਲ੍ਹਾ ਹੈ ਬਲ ਰਿਹਾ
ਖ਼ਾਲੀ ਪੀਪਾ ਵੇਖ ਰਿਹਾ ਹੈ
ਚੁੱਲ੍ਹੇ ਵੱਲ ਕਦੀ ਆਪਣੇ ਆਪ ਵੱਲ

-0-

ਪੁਸਤਕਾਂ ਹਨ ਪਾਠਕ ਹਨ
ਰੌਸ਼ਨੀ ਹੈ ਗਿਆਨ ਹੈ
ਜੀਵਨ ਜਾਚ ਕੋਈ ਨਹੀਂ

-0-

ਹਵਾ ਵੱਗਦੀ ਹੈ
ਗਤੀ ਦੀ ਤਲਾਸ਼ 'ਚ
ਅੱਗਣ ਰਾਖ਼ ਹੋਈ ਹੈ
ਆਪਣੇ ਤੇਜ਼ ਦੀ ਭਾਲ 'ਚ

-0-

ਮਾਨਵ ਜੋਤ ਹੈ
ਆਧਾਰ ਮਾਨਵ ਦਾ
ਇਹੀ ਜੋਤ ਹੈ
ਵਿਸਥਾਰ ਮਾਨਵ ਦਾ

-0-

ਸੁੰਦਰਤਾ ਦਾ ਆਕਰਸ਼ਣ
ਪਹਾੜ ਚੋਂ ਪੈਰਾਂ ਦਾ ਜਨਮਦਾ ਹੈ
ਸਹਿਰਾ ਚੋਂ ਸਾਗਰ ਦਾ
ਸਾਗਰ ਚੋਂ ਸਹਿਰਾ ਦਾ ਪੁੰਗਰਨਾ ਹੈ

-0-

ਉਸ ਆਪਾ ਗੁਆਇਆ
ਫਿਰ ਭਾਲਿਆ
ਅਵਾਰਗੀ ਨੂੰ ਜਨਮਿਆ
ਤੇ ਗਲ ਨਾਲ ਲਾ ਲਿਆ

-0-

ਆਦਮੀ ਦਾ
ਪੈਰ ਪੁੱਟਣਾ ਤੇ ਧਰਨਾ
ਆਪਣੇ ਤੋਂ ਟੁੱਟਣਾ ਵੀ ਹੈ
ਆਪਣੇ ਸੰਗ ਜੁੜਣਾ ਵੀ ਹੈ

-0-

ਸ਼ੀਸ਼ੇ ਦਾ ਸ਼ਹਿਰ ਹੈ
ਆਦਮੀ ਦੀ ਨਜ਼ਰ ਹੈ
ਜੰਗਲ ਤਲਾਸ਼ਦੀ ਹੈ

-0-

ਜਿਉਂਦੇ ਜੀਅ
ਦੇਹ ਵਿਚਲੇ ਸੱਚ ਨੂੰ ਜਾਣਨਾ
ਮਨੁੱਖ ਦਾ ਜੀਵਨ ਪ੍ਰਯੋਜਨ ਹੈ
ਜੀਵਨ ਸੱਚ ਹੈ ਜੀਵਨ ਜ਼ਰੂਰਤ ਹੈ

-0-

ਬੀਜ ਦਾ ਰੁੱਖ ਹੋਣਾ
ਰੁੱਖ ਦਾ ਬੀਜ ਹੋਣਾ
ਕੁਦਰਤ ਦੀ ਹੋਂਦ ਹੈ
ਕਰਤੇ ਦਾ ਸੱਚ ਹੈ

-0-

ਪੰਛੀ ਦੇ ਪਰ ਕੱਟੇ ਹਨ
ਪ੍ਰਵਾਜ਼ ਜਿਉਂਦਾ ਹੈ
ਜੀਅ ਜੀਅ ਕੇ ਮਰਦਾ ਹੈ
ਮਰ ਮਰ ਕੇ ਜਿਉਂਦਾ ਹੈ

-0-

ਅੰਬਰ ਭੌਂਦਾ ਹੈ
ਆਪਣੇ ਸ਼ਬਦ ਦੇ ਵਿਯੋਗ 'ਚ
ਧਰਤੀ ਘੁੰਮਦੀ ਹੈ
ਆਪਣੀ ਸੁਗੰਧ ਦੀ ਪ੍ਰਕਰਮਾਂ ਲਈ

-0-

ਜਲ ਵਹਿ ਰਿਹਾ ਹੈ
ਆਪਣਾ ਰਸ ਜਾਣਨ ਦੀ ਆਸ 'ਚ
ਰੁੱਖ ਫੱਲ ਦੇ ਰਿਹਾ ਹੈ
ਬੀਜ ਬਣ ਕੇ ਉੱਗਣ ਲਈ

-0-

ਮਾਨਵ 'ਚ ਜੋ ਕਣ ਸਮਾਇਆ ਹੈ
ਦੁਨੀਆਂ 'ਚ ਪਿਆਰ ਸਾਂਝੀਵਾਲਤਾ
ਬਰਾਬਰੀ ਤੇ ਏਕਤਾ ਦਾ ਸਰਮਾਇਆ ਹੈ

-0-

ਲੂਣ ਦੀ ਡਲੀ ਵਾਂਗ
ਖੁਰ ਰਿਹਾ ਹੈ ਆਦਮੀ
ਆਪਣੇ ਆਪ ਦੀ ਤਲਾਸ਼ 'ਚ

-0-

ਬਾਲ ਰੋ ਰਿਹਾ ਹੈ
ਬਿਜਲੀ ਦਾ ਖਿਡਾਉਣਾ ਹੈ
ਹੱਸਦਾ ਹੀ ਜਾ ਰਿਹਾ ਹੈ

-0-

ਲੋਕ ਘਰੋਂ ਨਿਕਲੇ
ਆਪਣੀ ਹੋਂਦ ਦੀ ਤਲਾਸ਼ 'ਚ
ਹੁਣ ਤੱਕ ਨਹੀਂ ਪਰਤੇ

-0-

ਨੈਣ ਮਿਲੇ
ਇਕ ਹੋਣ ਤੋਂ ਪਹਿਲਾਂ ਹੀ
ਮੀਚੇ ਗਏ

–0–

ਆਦਮੀ
ਜਿਸ ਸੱਚ ਸੁੰਦਰਤਾ ਦੀ ਭਾਲ 'ਚ ਹੈ
ਉਹ ਆਦਮੀ ਲਈ
ਆਪਾ ਜਾਣਨ ਦੀ ਤਲਾਸ਼ 'ਚ ਹੈ

–0–

ਰਾਤ ਦੀ ਜਗਦੀ ਮੋਮਬੱਤੀ ਹੈ
ਦਿਨ ਦੀ ਉਡੀਕ 'ਚ
ਦਿਨ ਦਾ ਆਗ਼ਾਜ਼ ਹੋਇਆ
ਮੋਮਬੱਤੀ ਦਾ ਅੰਤ ਹੋਇਆ

–0–

ਉਹ ਹੈ
ਘਰ ਹੈ
ਘਰ ਹੁੰਦਿਆਂ ਸੁੰਦਿਆਂ ਵੀ
ਉਹ ਘਰ ਨਹੀਂ

–0–

ਸੱਚ ਦਾ ਸਫ਼ਰ ਹੈ
ਸੱਚ ਦੇ ਪੈਰ ਹਨ
ਹਸ਼ਰ ਤੇ
ਫਾਂਸੀ ਦੇ ਰੱਸੇ ਹਨ ਉਡੀਕਦੇ

–0–

ਲੋਕ ਹਨ
ਘਰ ਹਨ
ਲੋਕ ਨੱਸ ਰਹੇ ਹਨ
ਘਰ ਖੜ੍ਹੇ ਹਨ

–0–

ਬਾਹਰ ਦਾ ਬਾਹਰ ਸੀਮਤ ਹੈ
ਅੰਦਰ ਦਾ ਅੰਦਰ ਅਸੀਮ ਹੈ
ਅੰਦਰ ਹੀ ਨਾ ਸੀਮਾ ਨਾ ਦਿਸਹੱਦਾ
ਨਾ ਅਸਮਾਨ ਨਾ ਜ਼ਮੀਨ ਹੈ

–0–

ਪੱਥਰ ਦਾ ਸ਼ਹਿਰ ਹੈ
ਲਹੂ ਮਾਸ ਦੇ ਲੋਕ ਹਨ
ਪੱਥਰ ਸੋਚ ਹੈ ਪੱਥਰ ਬੋਲ ਹਨ

–0–

ਮੁਸਾਫ਼ਿਰ ਹੈ
ਰਾਹ ਹੈ
ਘਰ ਦਾ ਪਤਾ ਨਹੀਂ

-0-

ਸ਼ਹੀਦੀ ਚੌਕ ਹੈ
ਬੁੱਤ ਹੈ
ਬੁੱਤ ਦਾ ਸਿਰ ਨਹੀਂ
ਬੁੱਤ ਹੇਠ ਘੋੜਾ ਨਹੀਂ

-0-

ਬਿਜਲੀ ਦਾ ਸ਼ਹਿਰ ਹੈ
ਬਿਜਲੀ ਦੇ ਲੋਕ ਹਨ
ਛੱਤਾਂ ਤੇ ਉੱਗੇ ਰੁੱਖ ਹਨ

-0-

ਮਾਨਵ ਦੀ ਜੋਤ ਦਾ ਮਾਨਵਤਾ ਨੂਰ ਹੈ
ਜੋਤ ਦੇ ਅਨੁਭਵ ਬਿਨਾਂ
ਮਾਨਵ ਮਾਨਵਤਾ ਤੋਂ
ਮਾਨਵਤਾ ਮਾਨਵ ਤੋਂ ਦੂਰ ਹੈ

-0-

ਰੁੱਖ ਹੈ
ਫੁੱਲ ਪੱਤੇ ਟਹਿਣੀਆਂ ਹਨ
ਛਾਂ ਨਹੀਂ

-0-

ਕੈਨਵਸ ਹੈ ਰੰਗ ਹਨ
ਚਿਹਰੇ ਹਨ
ਕੈ਼ਨਵਸ ਤੇ ਨਜ਼ਰ ਨਹੀਂ ਆਉਂਦੇ

-0-

ਜ਼ਿੰਦਗੀ ਹੈ
ਆਦਿ ਤੋਂ ਅੰਤ ਤੱਕ ਦਾ ਸਫ਼ਰ ਹੈ
ਪ੍ਰਾਪਤੀਆਂ ਹਨ
ਪ੍ਰਾਪਤੀਆਂ ਚੋਂ ਮਨੁੱਖ ਮਨਫ਼ੀ ਹੈ

-0-

ਕੁਰਸੀ ਹੈ ਰੁੱਤਬਾ ਹੈ
ਕੁਰਸੀ ਨਹੀਂ
ਰੁੱਤਬਾ ਹੈ ਨਾ ਆਦਮੀ

-0-

ਇਕੱਲ ਹੈ
ਦਿੱਸ ਅਦਿੱਸ ਰਾਹ ਹਨ
ਨਜ਼ਰ 'ਚ ਮੰਜ਼ਿਲ ਨਹੀਂ
ਪੈਰ ਹਨ ਕਿ ਤੁਰਦੇ ਜਾ ਰਹੇ ਹਨ

-0-

ਬਾਹਰਲੇ ਦੀ ਗਿਣਤੀ
ਮਿਣਤੀ ਕੋਈ ਕਰ ਸਕਦਾ ਹੈ
ਅੰਦਰਲੇ ਬ੍ਰਹਿਮੰਡ ਲਈ
ਪੈਂਤੀ ਅੱਖਰੀ ਗਣਿਤ ਫ਼ਜ਼ੂਲ ਹੈ

-0-

ਆਦਮੀ ਹੈ
ਸਿਰਜਣਾ ਹੈ
ਦਰਪਣ 'ਚ ਸਭ ਤਿੜਕਿਆ ਹੈ

-0-

ਸੂਲੀ ਤੇ ਸਿਰ ਹੈ
ਦੇਖਦੀ ਅੱਖ ਦਿਲ ਪਰਚਾ ਰਹੀ ਹੈ
ਜ਼ਿੰਦਗੀ ਲਹੂ 'ਚ ਨ੍ਹਾ ਰਹੀ ਹੈ

-0-

ਪੈਰ ਹਨ ਤੁਰ ਰਹੇ ਹਨ
ਨੈਣਾਂ ਦੇ ਦੀਵੇ ਬਲ ਰਹੇ ਹਨ
ਸਫ਼ਰ ਮੁੱਕੇ ਨਾ ਮੁੱਕੇ ਚਾਨਣ ਢੁੱਕੇ ਨਾ ਢੁੱਕੇ
ਕਰਮ ਤੇ ਵਿਸ਼ਵਾਸ ਹੈ

–0–

ਸ਼ਮ੍ਹਾਂ ਅਜੇ ਬੁੱਝੀ ਨਹੀਂ
ਰਾਤ ਅਜੇ ਮੁੱਕੀ ਨਹੀਂ
ਪ੍ਰਵਾਨੇ ਦੀ ਉੱਡੀਕ 'ਚ
ਕਈ ਸੂਰਜ ਆਸ ਦੇ ਨੈਣੀਂ ਡੁੱਬੇ ਚੜ੍ਹੇ

–0–

ਆਧੁਨਿਕਤਾ ਹੈ
ਸੱਚ ਦਾ ਸੰਕਲਪ ਹੈ
ਜੋ ਸਿਰਜਿਆ ਹੈ
ਮਨੁੱਖ ਖ਼ੁਦ ਆਪ ਉਸਦਾ ਹਰਫ਼ ਹੈ

–0–

ਨਾ ਜੰਗਲ ਰੁੱਖਾਂ ਦਾ
ਨਾ ਰੁੱਖ ਜੰਗਲ ਦੇ
ਜੰਗਲ ਵੀ ਇਕੱਲਾ ਹੈ
ਰੁੱਖ ਵੀ ਉਦਾਸ ਹਨ

–0–

ਸ਼ਿਕੱਸਤ ਫ਼ਤਹਿ ਦੀ ਕੁੱਖ ਹੈ
ਹਾਰ ਦੀ ਜਿੱਤ ਹੈ ਜਾਂ ਜਿੱਤ ਦੀ ਹਾਰ ਹੈ
ਮੈਦਾਨੇ ਜੰਗ 'ਚ
ਸ਼ਹੀਦ ਸਿਰ ਦਾ ਸਵਾਲ ਹੈ

–0–

ਨਿਰਬਲ ਹੈ ਬਲਵਾਨ ਹੈ
ਜੰਗ ਹੈ ਤਲਵਾਰ ਹੈ
ਸਿਰ ਹੀ ਜ਼ਮੀਨ ਹੈ
ਸਿਰ ਹੀ ਅਸਮਾਨ ਹੈ

–0–

ਨਦੀ ਹੈ ਵਹਿਣ ਦਾ ਸ਼ੋਰ ਹੈ
ਨਦੀ ਸ਼ੋਰ ਨਹੀਂ ਕੁੱਝ ਹੋਰ ਹੈ
ਸ਼ੋਰ 'ਚ ਗੁਆਚਾ ਚੁੱਪ ਦਾ ਬੋਲ ਹੈ

–0–

ਆਧੁਨਿਕ ਮਨੁੱਖ ਹੈ
ਸਮਾਜ ਹੈ ਸੰਸਾਰ ਹੈ
ਆਦਿ ਤੋਂ ਅੰਤ ਤੱਕ
ਮਨੁੱਖ ਦਾ ਆਪਣਾ ਵਿਸਥਾਰ ਹੈ

–0–

ਧਰਤ ਹੈ
ਖੇਤ ਹਨ
ਫ਼ਸਲਾਂ ਨਹੀਂ
ਲਹਿਰਾ ਰਿਹਾ ਬਾਰੂਦ ਹੈ

-0-

ਜ਼ਿੰਦਗੀ ਹੈ
ਦੌੜਦੇ ਪੈਰ ਹਨ
ਪੈਰਾਂ ਚੋਂ ਜ਼ਿੰਦਗੀ ਆਲੋਪ ਹੈ

-0-

ਦੇਸ਼ ਹੈ
ਲੋਕ ਘਰਾਂ ਚੋਂ ਨਿਕਲੇ ਹਨ
ਪੈ ਗਈ ਹੈ ਰਾਤ
ਲੋਕ ਘਰੀਂ ਨਹੀਂ ਪਰਤੇ

-0-

ਸ਼ਹਿਰ ਹੈ ਚੁੱਪ ਹੈ
ਸ਼ਹਿਰ ਦੀ ਆਬਾਦੀ ਚੁੱਪ ਹੈ
ਸ਼ਹਿਰ ਦੀਆਂ ਨੀਹਾਂ ਹੇਠ ਆਏ
ਪਿੰਡ ਦਾ ਸ਼ੋਰ ਹੈ

-0-

ਮਨੁੱਖ ਹੈ ਸਿਰਜਣਾ ਹੈ
ਸਿਰਜਣਾ ਲਈ ਮਨੁੱਖ
ਮਨੁੱਖ ਲਈ ਸਿਰਜਣਾ ਪਰਾਈ ਹੈ

-0-

ਆਦਮੀ ਜੋ ਕੱਲ੍ਹ ਸੀ
ਸਮੁੰਦਰ ਤੇ ਤਰਦਾ
ਅੱਜ ਖੂਹ ਦੇ ਔਲੂ 'ਚ ਡੁੱਬ ਕੇ ਮਰ ਗਿਆ

-0-

ਜਾਨਵਰਾਂ ਨੂੰ ਆਦਮੀ ਬਣਾਉਂਦਾ
ਆਦਮੀ
ਮਾਰਿਆ ਗਿਆ ਹੈ ਆਦਮੀ ਹੱਥੋਂ

-0-

ਪੰਛੀ ਹੈ ਪਿੰਜਰਾ ਹੈ
ਅੰਬਰ ਵੀ ਹੈ ਪ੍ਰਵਾਜ਼ ਵੀ
ਸਿਰ ਆਜ਼ਾਦ ਹੈ
ਜਿਸਮ ਆਜ਼ਾਦ ਨਹੀਂ

-0-

ਜੰਗਲ ਹੈ
ਆਦਮੀ ਹੈ
ਸ਼ੇਰ ਡਰਦਾ ਲੁਕ ਗਿਆ ਹੈ
ਆਦਮੀ ਤੋਂ

-0-

ਤਪਦਾ ਸੂਰਜ
ਸੜਦਾ ਥਲ
ਹਰਿਆਵਲ ਜਨਮਦਾ ਹੈ
ਸਾਗਰ ਸਿਰਜਦਾ ਹੈ

-0-

ਜ਼ਿੰਦਗੀ ਨੇ ਮਾਰਿਆ ਜਿਸਨੂੰ
ਕਬਰ 'ਚ ਜਿਉਂਦਾ
ਪਾਇਆ ਗਿਆ ਉਹ ਆਦਮੀ

-0-

ਬਿੰਦੂ ਹਨ ਦਾਇਰੇ ਹਨ
ਦਾਇਰੇ ਸੁੰਗੜਦੇ ਹਨ
ਬਿੰਦੂ ਫੈਲਦੇ ਹਨ

-0-

ਸੀਮਿਟ ਸਰੀਏ ਦੇ ਘਰ ਹਨ
ਸ਼ੀਸ਼ੇ ਦੇ ਲੋਕ ਹਨ
ਵਾਲ ਪੇਪਰ ਤੇ ਝੂਲਦੇ ਰੁੱਖ ਹਨ

–0–

ਕਰਤਾ ਹੈ
ਸਿਰਜਣਾ ਹੈ
ਸਿਰਜਣਾ ਹੈ ਕਰਤਾ ਹੈ
ਇਕ ਦੀ ਇਕ 'ਚ ਜਮ੍ਹਾਂ ਹੈ

–0–

ਸ਼ਹਿਰ ਹੈ
ਸ਼ਹਿਰੀ ਲੋਕ ਹਨ
ਮੈਂਟਲ ਪੀਸ ਤੇ ਵਸਾਇਆ ਪਿੰਡ ਹੈ

–0–

ਔਰਤ ਹੈ ਮਰਦ ਹੈ
ਘਰ ਕੁੱਤਾ ਬਿੱਲੀ ਹੈ
ਬੱਚੇ ਹਨ ਘਰ ਤੋਂ ਬਾਹਰ ਹਨ

–0–

ਔਲਾਦ ਹੈ
ਜਾਇਦਾਦ ਹੈ
ਔਲਾਦ ਨੂੰ ਜਾਇਦਾਦ ਦੀ ਨਹੀਂ
ਸਖ਼ਸ਼ੀ ਆਜ਼ਾਦੀ ਦੀ ਲੋੜ ਹੈ

–0–

ਆਦਮੀ ਹੈ
ਆਪਣੇ ਸਾਏ ਪਿੱਛੇ ਦੌੜਦਾ ਹੈ
ਆਦਮੀ ਇਕੱਲਾ ਰਹਿ ਗਿਆ
ਸਾਇਆ ਆਲੋਪ ਹੋ ਗਿਆ

–0–

ਪੱਥਰ ਵਿਚ
ਜਿਉਂਦੇ ਬੁੱਤ ਦਾ
ਪੱਥਰ ਨੂੰ ਅਹਿਸਾਸ ਨਹੀਂ
ਪੱਥਰ 'ਚ ਹਨ੍ਹੇਰਾ ਹੈ ਚੇਤਨ ਚਿਰਾਗ਼ ਨਹੀਂ

–0–

ਅੰਬਰ ਹੈ
ਪਹਾੜ ਹਨ ਜੰਗਲ ਹਨ
ਜਲ ਕਿਨਾਰੇ ਬੇੜੀ ਹੈ

–0–

ਦਰਿਆ ਹੈ ਚੰਨ ਸਿਤਾਰੇ ਹਨ
ਦਰਿਆ ਦੇ ਦਰਪਣ ਚੋਂ
ਅੰਬਰ ਝਾਕਦਾ ਹੈ

-0-

ਪੱਤਿਆਂ ਟਹਿਣੀਆਂ
ਫੁੱਲਾਂ ਫੱਲਾਂ ਨਾਲ ਲਦਿਆ ਰੁੱਖ ਹੈ
ਆਲ੍ਹਣਾ ਕੋਈ ਨਹੀਂ

-0-

ਕੁਦਰਤ ਹੈ
ਝਰਨੇ ਚਸ਼ਮੇ ਹਨ
ਦਰਿੰਆ ਕਿਨਾਰੇ ਝੌਂਪੜੀ ਹੈ

-0-

ਪੱਥਰ ਦੀ ਸੁੰਦਰਤਾ
ਕਲਾਕਾਰ ਦੀ ਅੱਖ 'ਚ ਹੈ
ਪੱਥਰ 'ਚ ਪੱਥਰ ਤੋਂ ਸਿਵਾ ਕੁੱਝ ਨਹੀਂ

-0-

ਅਸਮਾਨ ਹੈ
ਬੱਦਲ ਹਨ ਪਹਾੜ ਹਨ
ਰੁੱਖ ਹਨ ਜੰਗਲ ਹਨ
ਝਰਨੇ ਝੀਲਾਂ ਦਰਿਆ ਹਨ

-0-

ਤਾਜ ਹੈ
ਜਮਨਾ ਦਾ ਕਿਨਾਰਾ ਹੈ
ਕਟੇ ਹੱਥ ਬਾਹਾਂ ਭਾਲਦੇ ਹਨ

-0-

ਘਰ ਕਮਰੇ ਬੂਹੇ ਬਾਰੀਆਂ ਹਨ
ਵਿਹੜੇ ਨੂੰ ਪੈਰਾਂ ਦੀ
ਚੁੱਲ੍ਹੇ ਨੂੰ ਅੱਗ ਦੀ ਤਲਾਸ਼ ਹੈ

-0-

ਕਬਰਾਂ ਦੀ ਤਾਸੀਰ
ਪਤਝੱੜਾਂ ਦੀ ਜ਼ਮੀਰ
ਪੱਥਰਾਂ ਦੀ ਚੁੱਪ ਹੈ
ਉਦਾਸ ਇਕੱਲਾ ਰੁੱਖ ਹੈ

-0-

ਲਹੂ ਕੰਧਾਂ ਨਜ਼ਰਾਂ ਕੰਧਾਂ
ਅੰਦਰ ਕੰਧਾਂ ਬਾਹਰ ਕੰਧਾਂ
ਜੀਵਨ ਦਾ ਵਿਸਥਾਰ ਕੰਧਾਂ

-0-

ਤੂਫ਼ਾਨ ਆਇਆ ਤੁਰ ਗਿਆ
ਰੁੱਖ ਖੜੇ ਹਨ ਉਖੜੇ ਨਹੀਂ
ਜੰਗਲ ਹੈਰਾਨ ਹੈ

-0-

ਉਦੈ ਹੁੰਦਾ ਹੈ ਹਨ੍ਹੇਰੇ ਚੋਂ
ਜ਼ਿੰਦਗੀ ਚੋਂ ਗੁਜ਼ਰਦਾ ਹੈ
ਕਬਰਾਂ 'ਚ ਡੁੱਬਦਾ ਹੈ ਸੂਰਜ

-0-

ਕਿਨਾਰੇ ਹਨ
ਵੱਗਦੀ ਨਦੀ ਹੈ
ਜਲ ਦਾ ਸ਼ੋਰ ਹੈ ਨਦੀ ਚੁੱਪ ਹੈ

-0-

ਦਿਸਹੱਦਾ ਹੈ
ਦੇਹ ਚੋਂ ਪੁੰਗਰਦਾ ਸਾਇਆ ਹੈ
ਅੱਖਾਂ 'ਚ ਪਰਤਦੀ ਨਜ਼ਰ ਹੈ

-0-

ਆਦਮੀ ਹੈ
ਚਿਹਰੇ ਤੇ ਨੈਣਾਂ ਦੇ ਕੌਲ ਹਨ
ਅੰਦਰਲੇ ਦਾ ਸੱਚ ਹਨ ਬੋਲ ਹਨ

-0-

ਵਗਦੀ ਨਦੀ ਹੈ
ਆਦਮੀ ਹੈ
ਚਿਹਰੇ ਤੇ ਕਪਾਹ ਫੁੱਟੀ ਹੈ

-0-

ਆਦਿ ਹੈ
ਪੈਰ ਹਨ ਸਫ਼ਰ ਹੈ
ਅੰਤ ਹੈ
ਨਾ ਆਦਮੀ ਨਾ ਪੈਰ ਹਨ

-0-

ਪਹਾੜ ਹਨ
ਰੁੱਖ ਹਨ
ਤੁਰਦੇ ਨਹੀਂ ਫੈਲਦੇ ਹਨ

-0-

ਆਪੇ ਵਿਚਲੀ ਕੰਧ ਆਦਮੀ
ਕੰਧਾਂ ਦੇ ਵਿਚ ਬੰਦ ਆਦਮੀ
ਨਾ ਸੂਰਜ ਨਾ ਚੰਦ
ਨਾ ਧਰਤ ਨਾ ਸੁਗੰਧ ਆਦਮੀ

-0-

ਮੁਲਖ਼ ਹੈ
ਰਾਸ਼ਟਰੀ ਕਿਰਦਾਰ ਨਹੀਂ
ਜੀਵਨ 'ਚ ਰੌਣਕ ਨਹੀਂ
ਚਿਹਰੇ ਤੇ ਬਹਾਰ ਨਹੀਂ

-0-

ਮਨੁੱਖ ਹੈ ਮਨੁੱਖਤਾ ਹੈ
ਮਨੁੱਖਾਂ ਦਾ ਸੰਸਾਰ ਹੈ
ਮਨੁੱਖ ਹੀ ਮਨੁੱਖ ਲਈ ਦੀਵਾਰ ਹੈ

-0-

ਇਕ ਜਾਤੀ
ਰੰਗ ਬੋਲੀ ਦੇ ਲੋਕ ਹਨ
ਇਕ ਸ਼ਬਦ ਹੈ ਇਕ ਅਰਥ ਹੈ
ਨਜ਼ਰੀਏ ਦਾ ਫ਼ਰਕ ਹੈ

–0–

ਕਬਰਾਂ 'ਚ ਮੁਰਦਿਆਂ ਦਾ
ਜ਼ਿੰਦਗੀ 'ਚ ਲੋਕਾਂ ਦਾ ਫ਼ਰਕ ਹੈ
ਮੁਰਦੇ ਮੋਇਆਂ ਘਰਾਂ 'ਚ ਜਿਉਂਦੇ ਹਨ
ਲੋਕ ਜਿਉਂਦਿਆਂ ਘਰਾਂ 'ਚ ਮੁਰਦੇ ਹਨ

–0–

ਸਵੈ ਸਿਮਰਿਆਂ
ਆਪਣਾ ਸੱਚ ਹੀ ਪ੍ਰਗਟਦਾ ਹੈ
ਮਾਨਵ ਹੀ ਮੰਦਰ
ਮਾਨਵ ਹੀ ਰੱਬ ਲੱਗਦਾ ਹੈ

–0–

ਘਰ ਹਨ ਸਾਂਝੀਆਂ ਕੰਧਾਂ ਹਨ
ਲੋਕ ਚਿਹਰਿਆਂ ਤੋਂ ਨਾਵਾਕਿਫ਼ ਹਨ
ਪਿੱਠਾਂ ਤੋਂ ਪਹਿਚਾਣਦੇ ਹਨ

–0–

ਕਲਾਕਾਰ ਨੇ ਬੁੱਤ ਸਿਰਜਿਆ
ਤੇ ਚੌਰਾਹੇ 'ਚ ਲਾ ਦਿੱਤਾ
ਲੋਕਾਂ ਚੌਰਾਹੇ ਨੂੰ ਦਰਗਾਹ
ਬੁੱਤ ਨੂੰ ਰੱਬ ਬਣਾ ਦਿੱਤਾ

-0-

ਬੱਚਾ ਸੱਪ ਤੇ ਖੇਡ ਹੈ
ਸੱਪ ਦੀ ਸਿਰੀ ਬੱਚੇ ਦਾ ਮੂੰਹ ਹੈ
ਸਭ 'ਚ ਤੂੰ ਹੀ ਤੂੰ ਹੈ

-0-

ਆਪਣੇ ਆਪ 'ਚ ਤੁਰਦਾ ਬੰਦਾ
ਜਗ 'ਚ ਵਿਸਥਾਰਿਆ ਜਾਂਦਾ ਹੈ
ਕਤਰਾ ਸਾਗਰ ਕਹਾਉਂਦਾ ਹੈ

-0-

ਭੇਡਾਂ ਦਾ ਵੱਗ ਹੈ
ਕੁੱਤਾ ਹੈ ਇਆਲੀ ਨਹੀਂ
ਜਾਨਵਰ ਦੀ ਰਾਖ਼ੀ ਜਾਨਵਰ ਹੈ

-0-

ਇਸ਼ਕ ਹੈ
ਹਕੀਕੀ ਨਹੀਂ ਮਿਜਾਜ਼ੀ ਨਹੀਂ
ਬਸ ਇਸ਼ਕ ਹੈ
ਰੱਬ ਦੀ ਜ਼ਾਤ ਹੈ ਸੱਚ ਦੀ ਸੁਗ਼ਾਤ ਹੈ

-0-

ਅੱਗ ਦਾ ਬਲਣਾ
ਜਲ ਦਾ ਉਬਲਣਾ
ਅੱਗ ਜਲ ਦਾ ਅੰਤਾਕਰਨ ਹੈ
ਚੁੱਲ੍ਹੇ ਨੇ ਅੱਗ ਜਲ ਨੂੰ ਵਿਖਾਇਆ ਹੈ

-0-

ਸਵੈ-ਬੰਦੇ ਨੂੰ
ਮਨੁੱਖਤਾ ਦੇ ਦਰ ਲੈ ਜਾਂਦਾ ਹੈ
ਪੈਰ ਧਰਦਿਆਂ ਅੰਦਰ
ਬੰਦਾ ਰੱਬ ਹੋ ਜਾਂਦਾ ਹੈ

-0-

ਪਹਾੜ ਦੀ ਚੋਟੀ ਹੈ
ਆਦਮੀ ਇਰਾਦੇ ਦਾ ਖ਼ੁਦਮੁਖਤਿਆਰ ਹੈ
ਆਪਣਾ ਆਪ ਸਿਰਜਣਹਾਰ ਹੈ

-0-

ਕੰਧਾਂ 'ਚ ਘਰ ਵਿਹੜੇ
ਲੋਕ ਤਕਸੀਮੇ ਗਏ ਹਨ
ਲੋਕ
ਕੰਧਾਂ ਨੂੰ ਹੀ ਜ਼ਿੰਦਗੀ ਕਹਿ ਰਹੇ ਹਨ

0–

ਹੁਸਨ ਰੰਗ ਮਹਿਕ ਹੈ
ਪਰਦਾ ਨਹੀਂ ਕਸ਼ਿਸ਼ ਨਹੀਂ
ਵੇਖਦੀ ਅੱਖ ਨੂੰ ਵੀ ਦਿੱਸਦਾ ਨਹੀਂ

–0–

ਸਵੈ–ਸੱਚ ਨੀਂਹ ਪੱਥਰ ਹੈ
ਨਵ–ਦੁਨੀਆਂ ਉਸਾਰਨ ਦਾ
ਲੋਕਾਂ 'ਚ ਲੋਕ ਸੱਚ ਉਤਾਰਨ ਦਾ

–0–

ਆਪਣੇ ਤੇ ਪੈਰ ਧਰ ਗੁਜ਼ਰਨਾ
ਆਪਾ ਮੇਟਣਾ ਵੀ ਹੈ
ਆਪਾ ਸਿਰਜਣਾ ਵੀ ਹੈ

–0–

ਆਦਮੀ
ਕੰਧਾਂ ਦੀ ਤਾਸੀਰ ਹੈ ਜ਼ਾਮੀਰ ਹੈ
ਕੰਧਾਂ ਦਾ ਖ਼ਲੂਸ ਹੈ
ਹਰ ਕੰਧ 'ਚ ਮੌਜ਼ੂਦ ਹੈ

–0–

ਪੱਥਰ ਹੈ
ਦਰਿਆ ਦਾ ਕਿਨਾਰਾ ਹੈ
ਬੇੜੀ ਨਹੀਂ ਤਾਂ ਕੀ
ਪੱਥਰ ਗਤੀ ਖ਼ੁਦ ਆਪ ਹੈ

–0–

ਰੁੱਖ ਸਿਰ ਸੂਰਜ
ਮੁਸਾਫ਼ਿਰ ਸਿਰ ਧੁੱਪ ਹੈ
ਰੁੱਖ ਲਈ ਮੁਸਾਫ਼ਿਰ
ਕਿ ਮੁਸਾਫ਼ਿਰ ਲਈ ਰੁੱਖ ਹੈ

–0–

ਇਕੋ ਆਦਿ ਅੰਤ
ਇਕੋ ਸਫ਼ਰ ਪਿਆਸ
ਸਾਗਰ ਦੀ ਵੀ ਹੈ ਥਲ ਦੀ ਵੀ ਹੈ

–0–

ਔਰਤਾਂ ਹਨ ਚੁੱਪ
ਆਦਮੀ ਹਨ ਸ਼ੋਰ
ਇਸਤੋਂ ਬਿਨਾ ਸ਼ਹਿਰ ਲਈ
ਕਿਹੜੀ ਖ਼ਬਰ ਹੈ ਹੋਰ

–0–

ਬੁੱਝੀ ਸ਼ਮਾਂ ਬਦਲਿਆ ਸਮਾਂ
ਪ੍ਰਵਾਨੇ ਦੀ ਕਿਹੜੀ ਕਿਸਮ ਹੈ
ਜੋ ਬੁੱਤਾਂ ਨੂੰ ਜ਼ੁਬਾਨ
ਰੁੱਖਾਂ ਨੂੰ ਪੈਰ ਲਾ ਗਈ

–0–

ਦਰਿਆ ਦੇ ਪਾਣੀ 'ਚ
ਮੁਰਗਾਬੀ ਨਿਰਲੇਪ ਹੈ
ਪੇਟ ਦੀ ਭੁੱਖ ਲਈ ਚੁੱਭੀ
ਦੇਹ ਪਾਣੀ 'ਚ ਸਿਰ ਪਾਣੀ ਤੋਂ ਬਾਹਰ ਹੈ

–0–

ਮੈਂ ਤੋਂ ਤੂੰ ਦਾ
ਤੂੰ ਤੋਂ ਮੈਂ ਦਾ ਸਫ਼ਰ ਹੈ
ਹਸ਼ਰ ਵਿਚ ਮੈਂ ਹੈ ਨਾ ਤੂੰ ਹੈ
ਬਸ ਸਫ਼ਰ ਹੈ

–0–

ਆਪੇ 'ਚ ਵਿਚਰਦਾ ਬੰਦਾ
ਮਨੁੱਖ ਤੋਂ ਮਨੁੱਖਤਾ
ਮਾਨਵਤਾ ਤੋਂ ਮਾਨਵਤਾ ਦਾ ਸੱਚ ਹੁੰਦਾ ਹੈ

-0-

ਉਹ ਭੂਤ ਤੇ ਪੈਰ
ਭਵਿੱਖ ਵੱਲ ਪਿੱਠ ਕਰ ਗੁਜ਼ਰਿਆ
ਮੱਥੇ 'ਚ ਸੂਲਾਂ ਪਿੱਠ ਤੇ ਤਿੜਕੇ ਚਿਹਰੇ
ਉਸਦੇ ਵਰਤਮਾਨ 'ਚ ਉੱਗ ਆਏ

-0-

ਬਾਜ਼ ਅੰਬਰੀਂ ਉੱਡਦਾ ਵੇਖ
ਆਲ੍ਹਣੇ 'ਚ ਬੈਠੀ ਘੁੱਗੀ ਨੇ
ਬੱਚਿਆਂ ਤੇ ਖੰਭਾਂ ਦੀ ਛੱਤਰੀ ਤਾਣੀ ਹੈ

-0-

ਵਰਖ਼ਾ 'ਚ ਭਿੱਜਣਾ
ਨੰਗੇ ਪਿੰਡੇ ਸੂਰਜ ਸੇਕਣਾ
ਦੇਹ ਦੀ ਭੁੱਖ ਨਹੀਂ ਚਾਅ ਹੈ.ਮਨ ਦਾ

-0-

ਉਹ ਜੋ ਜ਼ਾਹਿਰ ਛੁੱਪਿਆ ਹੈ
ਬਿੰਦੂ 'ਚ ਦਾਇਰਾ ਹੈ
ਦਾਇਰੇ 'ਚ ਬਿੰਦੂ ਹੈ

–0–

ਮਨੁੱਖ
ਜਦ ਆਪੇ ਚੋਂ ਗੁਜ਼ਰਦਾ ਹੈ
ਹਰ ਚਿਹਰੇ ਦਾ ਦਰਪਣ
ਹਰ ਦਰਪਣ ਦਾ ਚਿਹਰਾ ਲੱਗਦਾ ਹੈ

–0–

ਦਿਨ ਹੈ
ਛੱਤਾਂ ਤੇ ਰੌਸ਼ਨੀ
ਛਣ ਛਣ ਕਰ ਰਹੀ ਹੈ
ਘਰਾਂ ਦੇ ਅੰਦਰ ਹਨ੍ਹੇਰਾ ਹੈ

–0–

ਤੂੰ ਹੀ ਤੂੰ ਕੂਕਦੀ ਘੁੱਗੀ
ਸੁਣੀ ਜਦ ਤੂਤ ਨੇ
ਪੱਤ ਵਿਹੂਣਾ ਹੋ ਗਿਆ
ਛਾਵਾਂ ਤਿਆਗ ਬਹਿ ਗਿਆ

–0–

ਪੈਰ ਹਨ ਨਜ਼ਰ ਹੈ ਮੰਜ਼ਿਲ ਨਹੀਂ
ਕਾ.ਗਜ਼ ਹੈ ਕਲਮ ਹੈ
ਅੱਖਰ ਨਹੀਂ

-0-

ਮਾਨਵ ਹੈ ਮਾਨਵਤਾ ਹੈ
ਜਮ੍ਹਾਂ ਦੀ ਤਕਸੀਮ ਹੈ
ਤਕਸੀਮ ਦੀ ਜਮ੍ਹਾਂ ਹੈ
ਪਲਾਂ 'ਚ ਜਿਉਂਦਾ ਸਮਾਂ ਹੈ

-0-

ਮਨੁੱਖ ਜਦ
ਆਪਣੇ 'ਚ ਬਹਿੰਦਾ ਹੈ
ਮੈਂ ਦੇ ਖੋਲ ਚੋਂ ਨਿਕਲਦਾ ਹੈ
ਤੂੰ ਹੀ ਤੂੰ ਕਹਿੰਦਾ ਹੈ

-0-

ਆਦਮੀ
ਭੇਦੇ ਦਾ ਪ੍ਰਗਟਾਅ ਹੈ
ਆਪ ਹੀ ਮੰਜ਼ਿਲ
ਆਪ ਹੀ ਮੰਜ਼ਿਲ ਨੂੰ ਜਾਂਦਾ ਰਾਹ ਹੈ

-0-

ਕਿਸਾਨ ਹੈ
ਖੇਤਾਂ 'ਚ ਕਣਕਾਂ ਦੇ ਬੋਲ ਹਨ
ਘਰਾਂ ਦੇ ਘੜਿਆਂ 'ਚ ਪਾਣੀ ਨਹੀਂ
ਚੁੱਲ੍ਹਿਆਂ 'ਚ ਅੱਗ ਨਹੀਂ

−0−

ਦਰਿਆ ਹੈ
ਕਿਨਾਰੇ ਹਨ ਪਾਣੀ ਨਹੀਂ
ਕਬਰਸਤਾਨ ਹੈ ਜ਼ਿੰਦਗਾਨੀ ਨਹੀਂ

−0−

ਸਫ਼ਾ ਹੈ
ਅੱਖ਼ਰਾਂ ਦੀ ਭੀੜ ਹੈ
ਭੀੜ ਵਿਚ ਇਕ ਵੀ ਅੱਖ਼ਰ ਨਹੀਂ

−0−

ਮਨੁੱਖ ਨੂੰ ਲੋੜ ਹੈ
ਆਪਾ ਪੜ੍ਹਣ ਦੀ
ਆਪਣੇ ਸੰਗ ਤੁਰਨ ਦੀ
ਆਪਣੇ ਸੰਗ ਖੜ੍ਹਣ ਦੀ

−0−

ਜ਼ਿੰਦਗੀ ਤੋਂ ਮੌਤ ਵਿਚਲਾ ਸਫ਼ਰ ਹੈ
ਸਫ਼ਰ ਚੋਂ ਆਲੋਪ ਹੈ
ਸੱਚ ਦਾ ਜੋ ਹਰਫ਼ ਹੈ

-0-

ਜ਼ਿੰਦਗੀ ਕੱਟਦੀ ਨਹੀਂ
ਮੌਤ ਹੈ ਤੱਕਦੀ ਨਹੀਂ
ਕੀ ਕਰੇਗਾ ਕੀ ਜੀਏਗਾ
ਕੀ ਮਰੇਗਾ ਆਦਮੀ

-0-

ਮਹਿਕ ਹੈ ਕਲੀਆਂ ਹਨ ਫੁੱਲ ਹਨ
ਸ਼ਬਦ ਨਹੀਂ ਅਰਥ ਨਹੀਂ
ਹਵਾ ਹੀ ਜ਼ੁਬਾਨ ਹੈ

-0-

ਉੱਜਲੀ ਚੇਤਨਾ ਹੈ
ਮੈਲਾ ਅੰਤਾਕਰਨ ਹੈ
ਅਹਿਸਾਸ ਦੇ ਸੱਚ ਚੋਂ
ਅਮਲ ਆਲੋਪ ਹੈ

-0-

ਮਨੁੱਖ ਜਦ ਆਪਣੇ
ਅੰਦਰਲੀ ਕੁਦਰਤ 'ਚ ਵਿਚਰਦਾ ਹੈ
ਬਾਹਰਲੀ ਕੁਦਰਤ ਸਿਰਜਦਾ ਹੈ

–0–

ਦਰਪਣ ਹੈ ਨਕਸ਼ ਹਨ ਚਿਹਰਾ ਹੈ
ਨਾ ਦਰਪਣ ਨੂੰ ਨਾ ਨਕਸ਼ ਨੂੰ
ਆਪਣੀ ਪਹਿਚਾਣ ਹੈ ਚਿਹਰਾ ਹੈਰਾਨ ਹੈ

–0–

ਲੋਹੇ ਦਾ ਜੰਗਲ ਹੈ
ਸ਼ੀਸ਼ੇ ਦੇ ਰੁੱਖ ਹਨ
ਲੋਹੇ ਨੂੰ ਲੋਹੇ ਦੀ
ਸ਼ੀਸ਼ੇ ਨੂੰ ਸ਼ੀਸ਼ੇ ਦੀ ਸ਼ਨਾਖ਼ਤ ਨਹੀਂ

–0–

ਕੰਧਾਂ ਹਨ ਕਮਰੇ ਹਨ
ਛੱਤ ਹੈ ਵਿਹੜਾ ਹੈ ਚੁੱਲ੍ਹਾ ਨਹੀਂ
ਘਰ ਦਾ ਦਰਵਾਜ਼ਾ ਹੈ ਖੁੱਲ੍ਹਾ ਨਹੀਂ

–0–

ਆਦਮੀ ਹੈ ਖੂਹ ਹੈ ਪਾਣੀ ਵੀ ਹੈ
ਖੂਹ ਨੂੰ ਮਨੁੱਖ ਦੀ
ਮਨੁੱਖ ਨੂੰ ਖੂਹ ਦੀ ਪਹਿਚਾਣ ਨਹੀਂ

-0-

ਮਨੁੱਖ ਜਦ ਆਪਣੇ ਅੰਸ਼ ਦੀ
ਅੱਖ 'ਚ ਤੱਕਦਾ ਹੈ
ਦੁਨੀਆਂ ਦੀ ਅੱਖ ਲੱਗਦਾ ਹੈ

-0-

ਆਤਮਾ ਉੱਜਲਿਤ ਹੈ
ਆਤਮਾ ਦਾ ਸੱਚ ਉੱਜਲਾਪਣ ਹੈ
ਫਿਰ ਵੀ ਮਨ 'ਚ ਹਨ੍ਹੇਰਾ ਹੈ
ਤੇਰਾ ਨਹੀਂ ਮੇਰਾ ਹੈ

-0-

ਬੁਰਾਈ ਵੱਸਣਾ ਹੈ
ਚੰਗਿਆਈ ਉਜੜਣਾ ਹੈ
ਨਾਨਕ ਵੀ ਹੈ ਮੈਂ ਵੀ ਹਾਂ

-0-

ਮੋਮਬੱਤੀ ਜਗਦੀ ਹੈ
ਪਿਘਲਦੀ ਵਜੂਦ ਢਾਲਦੀ ਹੈ
ਆਪਾ
ਆਪਣੇ ਸੱਚ 'ਚੋਂ ਉਤਾਰਦੀ ਹੈ

–0–

ਕੰਠ ਹੈ ਆਵਾਜ਼ ਹੈ ਬੋਲ ਨਹੀਂ
ਜੰਗਲ 'ਚ ਇਕੱਲਾ ਰੁੱਖ ਹੈ
ਜੰਗਲ ਰੁੱਖ ਦੇ ਕੋਲ ਨਹੀਂ

–0–

ਮਨੁੱਖ ਬ੍ਰਹਿਮੰਡਕ ਇਕਾਈ ਹੈ
ਇਸ ਸੱਚ ਦੀ ਕਬਰ ਤੱਕ ਵੀ
ਮਨੁੱਖ ਨੂੰ ਨਾ ਸਮਝ ਆਈ ਹੈ

–0–

ਇਕ ਚੰਨ ਅੰਬਰ 'ਚ ਹੈ
ਇਕ ਸ਼ੀਸ਼ੇ 'ਚ ਵਜਹ ਹੈ
ਅੰਬਰ ਦਾ ਚੰਨ ਦਾਗ਼ੀ ਹੈ
ਸ਼ੀਸ਼ੇ ਦਾ ਚੰਨ ਬੇਵਫ਼ਾ ਹੈ

–0–

ਥਲ ਹੈ ਤਪਸ਼ ਹੈ ਸੂਰਜ ਨਹੀਂ
ਸੂਰਜ ਥਲ ਵਿਚ ਖੋ ਗਿਆ ਹੈ
ਕਿ ਥਲ ਸੂਰਜ ਹੋ ਗਿਆ ਹੈ

–0–

ਹਵਾ ਜਦ ਪੋਰੀ ਚੋਂ ਲੰਘਦੀ ਹੈ
ਸੁਰ ਸੰਗੀਤ 'ਚ ਬਦਲਦੀ ਹੈ
ਸ਼ਬਦ ਬੋਲ ਅਰਥ ਸਿਰਜਦੀ ਹੈ

–0–

ਪੈਰਾਂ 'ਚ ਗਤੀ ਹੈ
ਨਜ਼ਰਾਂ 'ਚ ਰਾਹ ਨਹੀਂ
ਮੰਜ਼ਿਲਾਂ ਹੀ ਪੈਰ ਹੋ ਗਏ
ਰਿਹਾ ਜਦ ਪੈਰਾਂ 'ਚ ਸਾਹ ਨਹੀਂ

–0–

ਮਾਨਵ ਦੇਹ
ਸਭ ਤੋਂ ਉੱਚਾ ਗ੍ਰੰਥ ਹੈ
ਲਹੂ ਮਾਸ ਦੀ ਮਿੱਟੀ ਦਾ
ਅਨਮੋਲ ਰਤਨ ਹੈ

–0–

ਇੱਟ ਤੇ ਇੱਟ ਧਰਨੀ ਸਿਰਜਣਾ ਹੈ
ਇੱਟ ਤੋਂ ਇੱਟ ਉਧੇੜਨੀ
ਸੱਚ ਦੀ ਤਲਾਸ਼ ਹੈ

-0-

ਲੋਕ ਹਨ ਭੀੜ ਹੈ
ਭੀੜ 'ਚ ਇਕੱਲ ਹੈ
ਜਲ 'ਚ ਥਲ ਹੈ ਕਿ ਥਲ 'ਚ ਜਲ ਹੈ

-0-

ਘੜੀ ਹੈ
ਚਲਦੀਆਂ ਸੂਈਆਂ ਹਨ
ਵਕਤ ਖੜ੍ਹਾ ਹੈ
ਵਕਤ ਨੂੰ ਵਕਤ ਦਾ ਭਰਮ ਬੜਾ ਹੈ

-0-

ਸਿਰ ਅੰਬਰ 'ਚ ਹੈ
ਪੈਰ ਘਾਹ ਤੇ ਤੁਰਦੇ ਹਨ
ਪੈਰਾਂ ਹੇਠ ਮੋਈ ਸ਼ਬਨਮ ਦਾ
ਬੁੱਧੀ ਨੂੰ ਅਹਿਸਾਸ ਦਿਲ ਨੂੰ ਗ਼ਮ ਨਹੀਂ

-0-

ਜੇ ਮਾਨਵ
ਆਪਣੇ ਬਿੰਦੂ ਨੂੰ ਜਾਣ ਲਏ
ਬ੍ਰਹਿਮੰਡ ਦਾ ਦਾਇਰਾ ਪਹਿਚਾਣ ਲਏ

-0-

ਅੱਖ ਹੈ
ਅਸ਼ਕ ਹੈ
ਦੇਹ ਦਾ ਗਿੜਦਾ ਖ਼ੂਹ ਹੈ

-0-

ਬੋਹੜ ਤਾਂ ਬਣਿਆ
ਪਰ ਕਿਸੇ ਪਣਾਲੇ ਤੇ ਜਾ ਉੱਗਾ
ਉਹ ਆਦਮੀ

-0-

ਜੰਗਲ ਹੈ
ਰੁੱਖਾਂ ਦੇ ਹਜੂਮ ਹਨ
ਪਰ ਰੁੱਖ ਕੋਈ ਨਹੀਂ

-0-

ਮਨੁੱਖੀ ਸੱਚ ਹੀ
ਮਨੁੱਖਤਾ ਦੀ ਪਹਿਚਣ ਹੈ
ਇਕਾਈ ਦੀ ਵੰਡ ਹੀ
ਇਕਾਈ ਦੀ ਸਿਆਣ ਹੈ

-0-

ਜੰਗਲ ਚੋਂ ਜੰਗਲ ਦਾ
ਰੁੱਖਾਂ ਚੋਂ ਰੁੱਖਾਂ ਦਾ ਨਾਂ ਮਨਫ਼ੀ ਹੈ
ਜੰਗਲ ਚੋਂ ਹਰਿਆਵਲ
ਰੁੱਖਾਂ ਚੋ ਛਾਂ ਮਨਫ਼ੀ ਹੈ

-0-

ਧਰਤ ਹੈ ਆਕਾਸ਼ ਹੈ
ਪੈਰ ਹਨ ਸਿਰ ਹੈ
ਨਾ ਪੈਰਾਂ 'ਚ ਧਰਤ ਹੈ
ਨਾ ਸਿਰ ਤੇ ਅਸਮਾਨ ਹੈ

-0-

ਸਿਰ ਹੈ
ਕਈ ਚਿਹਰੇ ਹਨ
ਸਿਰ ਦਾ ਆਪਣਾ ਕੋਈ ਚਿਹਰਾ ਨਹੀਂ

-0-

ਦੁਨੀਆਂ ਹੈ
ਮਨੁੱਖਾਂ ਦੀ ਭੀੜ ਹੈ
ਭੀੜ 'ਚ ਕੋਈ ਮਨੁੱਖ ਨਹੀਂ

-0-

ਅਸਤੀਆਂ ਹਨ
ਜੀਵਨ ਬੀਜ ਹਨ
ਆਦਮੀ ਧਰਤ ਦੀ ਥਾਂ
ਜਲ 'ਚ ਪ੍ਰਵਾਹ ਰਿਹਾ ਹੈ

-0-

ਮਨ ਤੂੰ ਜੋਤ ਸਰੂਪ ਹੈਂ
ਸੱਚ ਜਾਣ ਗਿਆ ਹੈ ਜੋ
ਮਨੁੱਖਤਾ ਦਾ ਸੱਚ
ਪਹਿਚਾਂਣ ਗਿਆ ਹੈ ਉਹ

-0-

ਰੁੱਖ ਦੇ ਸਿਰ ਤੇ ਸੂਰਜ ਹੈ
ਪੈਰੀਂ ਛਾਂ 'ਚ ਸੁੱਤਾ ਆਦਮੀ
ਰੁੱਖ ਜਾਗਦਾ ਹੈ

-0-

ਆਲ੍ਹਣਾ ਹੈ
ਬੋਟ ਹਨ
ਪੰਛੀ ਦੇ ਪੇਟ 'ਚ ਪ੍ਰਵਾਜ਼ ਹੈ

-0-

ਜ਼ਿੰਦਗੀ ਹੈ
ਹੱਥ ਪੈਰ ਕੰਨ ਜੀਭਾ ਹੈ
ਬੰਦਾ ਬੰਦੇ ਵੱਲ ਪਿੱਠ ਕਰਕੇ ਖੜਾ ਹੈ

-0-

ਸਿਰ ਦੌੜਦਾ ਹੈ
ਆਦਮੀ ਖੜ੍ਹਾ ਹੈ
ਆਪਣੇ ਆਗ਼ਾਜ਼ 'ਚ ਪੈਰਾਂ ਦੀ ਭਾਲ 'ਚ

-0-

ਜ਼ਿੰਦਗੀ ਦਾ ਆਗ਼ਾਜ਼ ਕੰਧਾਂ
ਜ਼ਿੰਦਗੀ ਦਾ ਹਸ਼ਰ ਕੰਧਾਂ
ਜ਼ਿੰਦਗੀ ਦਾ ਨਾਮ ਕੰਧਾਂ
ਜ਼ਿੰਦਗੀ ਕੰਧਾਂ ਹੀ ਕੰਧਾਂ

-0-

ਜ਼ੁਬਾਨ ਤੇ ਸਾਗਰ
ਨਜ਼ਰ 'ਚ ਸਹਿਰਾ
ਪਿਆਸ ਚੋਂ ਉੱਗੇ ਪੈਰ

-0-

ਥਲ ਦੀ ਡਾਚੀ
ਸਾਗਰ ਕਿਨਾਰੇ ਆ ਗਈ
ਪਿਆਸ ਥਲ ਵਿਚ ਰਹਿ ਗਈ

-0-

ਇਕ ਘਰ ਹੈ ਇਕ ਛੱਤ ਹੈ
ਦੋ ਚਿਹਰੇ ਹਨ ਪਰ ਅਜ਼ਨਬੀ
ਘਰ ਦਾ ਰੁੱਸਿਆ ਚੁੱਲ੍ਹਾ ਹੈ
ਦਰ ਬਾਹਰ ਵੱਲ ਨੂੰ ਖੁੱਲ੍ਹਾ ਹੈ

-0-

ਸ਼ਹਿਰ ਹੈ ਘਰ ਹਨ
ਗਲੀਆਂ 'ਚ ਖੁੱਲ੍ਹਦੇ ਬੂਹੇ ਹਨ
ਲੋਕ ਹਨ ਦੀਵਾਰਾਂ ਬਣੇ

-0-

ਸਿਰਜਣਾ ਹੈ
ਆਦਮੀ ਹੈ
ਸਿਰਜਣਾ ਚੋਂ ਆਦਮੀ ਆਲੋਪ ਹੈ

-0-

ਕਾਦਰ ਹੈ ਕੁਦਰਤ ਹੈ
ਕੁਦਰਤ ਦੇ ਕਣ ਕਣ 'ਚ ਕਾਦਰ ਮਾਜੂਦ ਹੈ
ਇਕਾਈ ਵੀ ਤਕਸੀਮ ਵੀ ਉਸਦਾ ਵਜੂਦ ਹੈ

-0-

ਅਸੀਂ ਅਸੀਂ ਹਾਂ ਤੁਸੀਂ ਤੁਸੀਂ ਹੋ
ਨਾ ਤੁਸੀਂ ਅਸੀਂ ਨਾ ਅਸੀਂ ਤੁਸੀਂ ਹਾਂ
ਬਸ ਝੂਠ ਦਾ ਆਰ ਪਾਰ ਹਾਂ
ਸੱਚ 'ਚ ਦੀਵਾਰ ਹਾਂ

-0-

ਇਕ ਕਿਨਾਰੇ ਆਦਮੀ ਹੈ
ਦੂਜੇ ਪੁਕਾਰ ਹੈ
ਨਾ ਬੇੜੀ ਹੈ ਨਾ ਪੁਲ ਹੈ
ਵਗਦਾ ਦਰਿਆ ਵਿਚੰਕਾਰ ਹੈ

-0-

ਚੌਕ ਦੇ ਵਿਚ ਕਤਲ ਹੋਇਆ ਹੈ
ਗੁਆਹ ਕੋਈ ਨਹੀਂ
ਚੌਕ ਦੀ ਹਰ ਦਿਸ਼ਾ ਅੱਖ ਹੈ ਭਾਵੇਂ

-0-

ਚਿਹਰੇ ਚੋਂ ਚਿਹਰੇ ਦੀ
ਸ਼ੀਸ਼ੇ ਚੋਂ ਸ਼ੀਸ਼ੇ ਦੀ ਤਾਸੀਰ ਮਨਫ਼ੀ ਹੈ
ਚਿਹਰੇ ਚੋਂ ਪੱਥਰ
ਸ਼ੀਸ਼ੇ ਚੋਂ ਨੁਹਾਰ ਜਨਮੀ ਹੈ

-0-

ਪਤੀ ਪਤਨੀ ਕੰਧਾਂ
ਧੀਆਂ ਪੁੱਤਰ ਕੰਧਾਂ
ਘਰ ਗਿਰਾਂ ਸ਼ਹਿਰ ਕੰਧਾਂ
ਕੰਧਾਂ ਦੀ ਕੰਧਾਂ ਮਾਨਵਤਾ

-0-

ਬੱਦਲ ਹੈ ਨੱਚਦਾ ਮੋਰ ਹੈ
ਮੋਰ ਦੀ ਅੱਖ 'ਚ ਪੈਰ ਹਨ
ਅੱਥਰੂ ਨਹੀਂ

-0-

ਬਿੰਦੂਆਂ 'ਚ ਦਾਇਰੇ
ਦਾਇਰਿਆਂ 'ਚ ਬਿੰਦੂ ਤੁਰ ਪਏ ਹਨ
ਦਿਸਹੱਦਿਆਂ ਦੇ ਫਾਸਲੇ
ਨਜ਼ਰਾਂ 'ਚ ਸਿਮਟ ਗਏ ਹਨ

-0-

ਆਦਮੀ ਤਾਲਾ ਹੈ
ਸ਼ਬਦ ਚਾਬੀ ਹੈ
ਅੰਦਰ ਵੱਲ ਖੁੱਲ੍ਹਦਾ ਦਰ ਹੈ
ਦੇਹ ਅਰਥ ਦਾ ਘਰ ਹੈ

-0-

ਮਨੁੱਖ ਅਜ਼ੀਬ ਚੀਜ਼ ਹੈ
ਬੀਜ ਦੇ ਵਿਚ ਰੁੱਖ ਹੈ
ਰੁੱਖ ਦੇ ਵਿਚ ਬੀਜ ਹੈ

-0-

ਸਿਰ 'ਚ ਸਿਰ
ਪੈਰਾਂ 'ਚ ਪੈਰ ਦੌੜ ਰਹੇ ਹਨ
ਆਪਣਾ ਆਪਾ ਆਪੇ 'ਚ ਗੁੰਮ ਹੈ
ਦੁੰਮ 'ਚ ਮੂੰਹ ਹੈ ਮੂੰਹ 'ਚ ਦੁੰਮ ਹੈ

-0-

ਜ਼ਿੰਦਗੀ ਪ੍ਰਯੋਗਸ਼ਾਲਾ ਹੈ
ਆਦਮੀ ਵਿਚ ਵਿਚਰਦਾ ਹੈ
ਪਰ ਅੱਜ ਤੱਕ ਪ੍ਰਯੋਗਿਆ ਗਿਆ ਨਹੀਂ

-0-

ਸੱਚ ਦੀ ਦਸਤਕ ਹੈ
ਲੋਕ ਹਨ ਮੂੰਹ ਤੇ ਤਾਲਾ ਹੈ
ਦਰਵਾਜ਼ਾ ਬੰਦ ਹੈ

-0-

ਫਾਸ਼ੀ ਹੈ ਅਦਾਲਤੀ ਹੁਕਮ ਹੈ
ਕਾਨੂੰਨ ਦੀ ਨਿਗ੍ਹਾ 'ਚ ਕਾਤਿਲ ਹੈ
ਪਰ ਕਤਲ ਦੀ ਨਿਗ੍ਹਾ 'ਚ ਕਾਤਿਲ ਨਹੀਂ

-0-

ਅੱਖ ਹੈ ਦੇਖਦੀ ਹੈ
ਉਹ ਨਹੀਂ
ਉਹ ਹੈ ਜੋ ਨਹੀਂ

-0-

ਕੰਨ ਹਨ ਸੁਣਦੇ ਹਨ
ਬੋਲੇ ਹਨ ਆਪਣੇ ਆਪ ਲਈ

-0-

ਰੁੱਖ ਹੈ
ਰੁੱਖ ਦੀ ਛਾਵੇਂ ਮੁਸਾਫ਼ਿਰ ਹੈ
ਰੁੱਖ ਆਪ ਧੁੱਪੇ ਖੜ੍ਹਾ ਹੈ

-0-

ਹਿੱਚਕੀ ਲੱਗੀ ਹੈ ਨਦੀ ਨੂੰ
ਰਸਤੇ 'ਚ ਪਹਾੜ ਹੈ
ਸਮੁੰਦਰ ਨਦੀ ਤੋਂ ਦੂਰ ਹੈ

-0-

ਸਹਿਰਾ ਹੈ ਜ਼ਰਾ ਹੈ
ਜ਼ਰਾ ਸਹਿਰਾ ਨਹੀਂ
ਸਹਿਰਾ ਜ਼ਰਾ ਨਹੀਂ

-0-

ਬਾਜ਼ਾਰ ਹੈ ਸੱਚ ਦੀ ਹੱਟ ਹੈ
ਕੋਈ ਗਾਹਕ ਨਹੀਂ
ਸ਼ੋਰ ਵਿਕ ਰਿਹਾ ਹੈ
ਸੁਰ ਦਾ ਕੋਈ ਖ਼ਰੀਦਦਾਰ ਨਹੀਂ

-0-

ਮੰਡੀ ਹੈ
ਬੱਚਿਆਂ ਔਰਤਾਂ ਦੀ ਸੇਲ ਹੈ
ਗਾਹਕ ਤੇ ਗਾਹਕ ਚੜ੍ਹਿਆ ਹੈ
ਵਿਹੜਾ ਮੰਡੀ ਦਾ ਭੀੜ ਸੰਗ ਭਰਿਆ ਹੈ

-0-

ਅੰਬਰ ਹੈ ਉੱਡਦਾ ਬਾਜ਼ ਹੈ
ਧਰਤ ਤੇ ਵੱਗਦਾ ਦਰਿਆ ਹੈ
ਬਾਜ ਦੀ ਅੱਖ 'ਚ ਮੱਛੀ ਹੈ
ਮੱਛੀ 'ਚ ਨਿਗ੍ਹਾ ਹੈ

-0-

ਮੈਂ ਮੈਂ ਹਾਂ ਤੂੰ ਤੂੰ ਹੈਂ
ਤਸਦੀਕ ਬਿਨ
ਮੈਂ ਮੈਂ ਨਹੀਂ ਤੂੰ ਤੂੰ ਨਹੀਂ

-0-

ਬੂੰਦ ਹੈ
ਸਾਗਰ ਹੈ
ਬੂੰਦ ਬੂੰਦ ਹੈ ਸਾਗਰ ਸਾਗਰ ਹੈ

-0-

ਕੁਰਬਾਨੀਆਂ ਦਿੱਤੀਆਂ
ਆਜ਼ਾਦੀ ਮਿਲੀ
ਲੋਕ ਆਪਣੇ ਲੋਕਾਂ ਦੇ
ਗ਼ੁਲਾਮ ਹੋ ਗਏ

-0-

ਦਰੋਪਤੀ ਦਾ ਚੀਰ ਹਰਣ
ਗੀਤਾ ਦਾ ਜਨਮ ਹੈ
ਕ੍ਰਿਸ਼ਨ ਦਾ ਆਗ਼ਾਜ਼ ਹੈ
ਦਰਯੋਧਨ ਦਾ ਹਸ਼ਰ ਹੈ

-0-

ਮਹਾਂਭਾਰਤ
ਧਰਿਤਰਾਸ਼ਟਰ ਦਾ ਪੁੱਤਰ ਮੋਹ ਹੈ
ਤਖ਼ਤ ਦੇ ਪਾਵਿਆਂ ਹੇਠ ਹਸਤਨਾਪੁਰ ਹੈ

-0-

ਅੱਖਾਂ ਹਨ ਹਰੀਆਂ ਐਨਕਾਂ ਹਨ
ਦਿੱਸ ਰਿਹਾ ਹੈ ਐਨਕਾਂ ਦਾ ਸੱਚ
ਅੱਖਾਂ ਦਾ ਭਰਮ

-0-

ਮੰਦਰ ਹੈ
ਬੁੱਤ ਪੁਜਾਰੀ ਪੂਜਾ ਸਮੱਗਰੀ ਹੈ
ਰੱਬ ਆਲੋਪ ਹੈ
ਲੋਕਾਂ ਨੂੰ ਭਰਮ ਸਿਮਰਨ ਦਾ ਰੋਗ ਹੈ

-0-

ਦੂਰਬੀਨ ਹੈ
ਅੱਖਾਂ ਹਨ
ਸੱਚ ਨੇੜੇ ਹੈ ਪਹਾੜ ਦੂਰ ਹਨ

-0-

ਸ਼ਬਨਮ ਦਾ ਰੂਪ
ਪੌਣਾਂ ਦੀ ਤੋਰ ਦੇਹ ਨਿਰੀ ਅੱਗ
ਘੁੰਡ 'ਚ ਅੰਗਿਆਰ
ਮੌਤ ਹੈ ਕਿ ਮੁਟਿਆਰ

-0-

ਅੰਬਰ ਦਾ ਚੰਨ ਹੈ
ਧਰਤੀ ਦੀ ਪਿੱਠ ਹੈ
ਧਰਤੀ ਦਾ ਆਪਣਾ
ਮਿੱਟੀ ਦਾ ਚੰਨ ਹੈ

-0-

ਸਾਗਰ ਹੈ ਮੱਛਲੀ ਨਹੀਂ
ਪਟੜੀ ਤੇ ਦੌੜਦੀ ਰੇਲ ਹੈ
ਖ਼ਾਲੀ ਡੱਬੇ ਹਨ ਮੁਸਾਫ਼ਿਰ ਨਹੀਂ

-0-

ਸੂਰਜ ਡੁੱਬਦਾ ਹੈ ਸ਼ਾਮ ਨੂੰ
ਵੈਸ਼ੀਆ ਦੇ ਕੋਠੇ ਤੇ ਚੜ੍ਹਦਾ ਹੈ ਰਾਤ ਨੂੰ
ਚੜ੍ਹਦਾ ਹੈ ਕਾਮ ਪਾਉੜੀਆਂ ਅੱਗ ਬੁਝਾਉਣ ਨੂੰ
ਮਿੱਟੀ ਦੀਆਂ ਕਬਰਾਂ ਤੇ ਦੀਵੇ ਜਗਾਉਣ ਨੂੰ

-0-

ਰਾਤ ਹੈ
ਪੰਛੀ ਘਰਾਂ ਨੂੰ ਪਰਤੇ ਹਨ
ਦਿਨ ਚੜ੍ਹੇ ਚੋਗੇ ਲਈ
ਕਈ ਆਲ੍ਹਣਿਆਂ ਚੋਂ ਉੱਡੇ ਹਨ

-0-

ਹਿਰਨੀ ਦਾ ਬੱਚਾ ਹੈ
ਸ਼ੇਰਨੀ ਚੱਟ ਰਹੀ ਹੈ
ਮੌਤ ਚੋਂ ਮਮਤਾ ਪੁੰਗਰ ਰਹੀ ਹੈ

-0-

ਕਸਾਈ ਹੈ ਮੇਮਣਾ ਹੈ
ਪੱਥਰ ਦੇ ਰੱਬ ਸਾਵੇਂ
ਬੱਕਰੀ ਖੜ੍ਹੀ ਹੈ

-0-

ਸੂਲ੍ਹੀ ਤੇ ਸਿਰ ਟੰਗਿਆ ਹੈ
ਵੇਖ ਰਹੇ ਹਨ ਚਿਹਰੇ ਤੇ ਅੱਖਾਂ
ਸੂਲੀ ਲੋਕਾਂ ਤੇ ਹੱਸ ਰਹੀ ਹੈ
ਆਪਣੇ ਆਪ ਤੇ ਰੋ ਰਹੀ ਹੈ

-0-

ਅੱਖਾਂ ਚੋਂ ਅੱਥਰੂ ਟੱਪਕਿਆ
ਡਿੱਗਣ ਤੋਂ ਪਹਿਲਾਂ
ਵੇਖਦੇ ਸ਼ੀਸ਼ੇ ਉੱਠਾ ਲਿਆ

-0-

ਅੱਖਾਂ ਝੀਲਾਂ ਭੌਰ ਜ਼ੁਲਫ਼ਾਂ
ਰੰਗ ਸੰਦੂਰੀ ਚੰਦਨ ਬਦਨ
ਉੱਡੀਕਦੀ ਸਰਦਲ
ਦਿਲ ਦਰਵਾਜ਼ੇ ਪੈਰ ਕਿਸੇ ਪਾਇਆ ਨਹੀਂ

-0-

ਫੁੱਲ ਹੈ ਕਲੀ ਹੈ ਸ਼ੋਖੀ ਹੈ
ਮਹਿਕ ਨਹੀਂ
ਭਵਰੇ ਨੂੰ ਉੱਡੀਕਦੇ
ਕਾਗ਼ਜ਼ ਦੇ ਫੁੱਲ ਕੁਮਲਾ ਗਏ

-0-

ਗੁਲਜ਼ਾਰ ਦਾ ਚਿਹਰਾ ਹੈ
ਫੁੱਲ ਕਲੀਆਂ ਬੂਟਿਆਂ ਦੇ ਨਕਸ਼ ਹਨ
ਨੱਚਦਾ ਮੋਰ ਨਹੀਂ ਕੂਕਦੀ ਕੋਇਲ ਨਹੀਂ

-0-

ਸਰਹੱਦ ਤੇ ਲੜਦਾ ਫੌਜੀ
ਦੁਸ਼ਮਣਾਂ ਹੱਥੋਂ ਬਚ ਗਿਆ
ਪਿੰਡ ਦੀਆਂ ਮਿੱਤਰ ਜੂਹਾਂ 'ਚ ਮਾਰਿਆ ਗਿਆ

-0-

ਵੈਸ਼ੀਆ ਹੈ
ਗਾਹਕ ਹਨ
ਸ਼ਮ੍ਹਾਂ ਨਹੀਂ ਪਰਵਾਨੇ ਨਹੀਂ

–0–

ਮਨੁੱਖ ਕਾਦਰ ਕੁਦਰਤ ਹੈ
ਤਕਸੀਮ ਦੀ ਇਕਾਈ ਹੈ
ਇਕਾਈ ਦੀ ਤਕਸੀਮ ਹੈ

–0–

ਭੂਤ ਸੀ ਭਵਿੱਖ ਸੀ
ਉਸ ਚੋਂ ਵਰਤਮਾਨ
ਵਰਤਮਾਨ ਚੋਂ ਉਹ ਆਲੋਪ ਸੀ

–0–

ਘਰ ਹੈ ਕੁੱਤੇ ਭੌਂਕਦੇ ਹਨ
ਘਰ ਬਿਨ ਘਰ ਕੋਈ ਨਹੀਂ
ਘਰ ਹੀ ਘਰਾਂ ਦੇ ਚੋਰ ਹਨ

–0–

ਬੂੰਦ ਬੂੰਦ ਤੋਂ ਆਪਾ ਲਾਹੇ
ਤੇ ਸਾਗਰ ਹੋ ਜਾਏ
ਬੂੰਦ 'ਚ ਸਾਗਰ
ਸਾਗਰ 'ਚ ਬੂੰਦ ਸਮਾਏ

-0-

ਗਰਮੀ ਦੀ ਰੁੱਤ
ਰਾਹੀ ਨੂੰ ਲੱਗੀ ਪਿਆਸ ਹੈ
ਖੂਹ ਹੈ
ਪਰ ਖੂਹ ਪਿਆਸਾ ਆਪ ਹੈ

-0-

ਆਦਮੀ ਹੈ
ਤ੍ਰਿਸ਼ਨਾ ਦੀ ਹੱਦ ਹੈ
ਆਦਮੀ ਤੋਂ ਸਾਇਆ
ਸਾਏ ਤੋਂ ਆਦਮੀ ਅਲੱਗ ਹੈ

-0-

ਲੋਭ ਹੈ
ਆਪ ਅੰਦਰੋਂ ਬੋਲਦਾ ਹੈ
ਆਪ ਹੀ ਸੁਣਦਾ ਨਹੀਂ

-0-

ਆਦਮੀ ਦੇ ਪੁੱਠੇ
ਸਾਏ ਦੇ ਸਿੱਧੇ ਪੈਰ ਹਨ
ਸਾਇਆ ਸਿਰ ਹੈ
ਆਦਮੀ ਤਲਵਾਰ ਹੈ

-0-

ਵਖ ਵਖ ਰੰਗਾਂ ਦੇ ਫੁੱਲਕਲੀਆਂ
ਗੁਲਜ਼ਾਰ ਦੀ ਸ਼ੋਭਾ ਬਣਦੇ ਹਨ
ਮਹਿਕ ਇਕ ਹੈ
ਭਾਵੇਂ ਅੱਡਰੇ ਅੱਡਰੇ ਲੱਗਦੇ ਹਨ

-0-

ਅਜ਼ਨਬੀ ਔਰਤ ਮਰਦ ਹੈ
ਰਜ਼ਾਮੰਦੀ ਝਾਕਦੀ ਹੈ ਅਜ਼ਨਬੀ ਦੀਵਾਰ ਚੋਂ
ਪੁੰਗਰਦਾ ਹੈ ਜੀਵਨ ਬੀਜ
ਝਾਕਦੀ ਸ਼ੁਰੂਆਤ ਚੋਂ

-0-

ਮਸਤਕ 'ਚ ਚਾਨਣ ਹੈ
ਪਹਾੜੀ ਹਨ੍ਹੇਰਾ ਰਾਹ ਹੈ
ਮੰਜ਼ਿਲ ਨੂੰ ਪੈਰਾਂ ਦਾ
ਪੈਰਾਂ ਨੂੰ ਮੰਜ਼ਿਲ ਦਾ ਚਾਅ ਹੈ

-0-

ਆਦਮੀ ਸੁਫ਼ਨੇ 'ਚ ਡਰਦਾ ਹੈ
ਜਾਗਦਾ ਹੈ ਸਹਿਮ ਦਾ ਦਰਿਆ ਤਰਦਾ ਹੈ
ਸੁਫ਼ਨੇ ਦਾ ਵਹਿਮ ਜਿਉਂਦਾ ਹੈ
ਵਹਿਮ ਦੀ ਮੌਤ ਮਰਦਾ ਹੈ

-0-

ਆਦਮੀ ਜੇ ਦਰਿਆ ਦਾ ਵੇਗ਼ ਹੈ
ਫਿਰ ਜ਼ਿੰਦਗੀ ਫੱਲਾਂ ਦਾ ਲੱਦਿਆ ਰੁੱਖ ਹੈ
ਆਦਮੀ ਹੀ
ਜ਼ਿੰਦਗੀ ਦੀ ਸਫ਼ਲਤਾ ਦੀ ਕੁੱਖ ਹੈ

-0-

ਆਦਮੀ ਹੈ
ਉਮਰ ਦਾ ਆਦਿ ਹੈ ਅੰਤ ਹੈ
ਆਦਮੀ
ਆਦਿ ਤੋਂ ਅੰਤ ਵਿਚਲਾ ਭਰਮ ਹੈ

-0-

ਝੱਖੜ ਹੈ ਤੂਫ਼ਾਨ ਹੈ
ਬੁੱਝਦਾ ਜਗਦਾ ਚਰਾਗ਼ ਹੈ
ਆਦਮੀ ਮੰਜ਼ਿਲ ਹੈ
ਮੰਜ਼ਿਲ ਹੈ ਆਦਮੀ

-0-

ਹਵਾ ਹੈ
ਰੁੱਖ ਝੁਲਦਾ ਹੈ
ਆਦਿੱਸ ਦਾ ਪ੍ਰਗਟਾਅ ਹੈ

-0-

ਰੁੱਖਾਂ ਦਾ ਝੁੰਡ ਹੈ
ਧੂੰਆਂ ਉੱਠ ਰਿਹਾ ਹੈ
ਨੁਚੜੀ ਹੈ ਬਸਤੀ ਦੀ ਤਲਾਸ਼ ਨਜ਼ਰਾਂ ਚੋਂ

-0-

ਲੀਕ ਤੋਂ ਏਧਰ ਸਵੈ ਚੇਤਨ ਹੈ
ਲੀਕ ਤੋਂ ਓਧਰ ਸਵੈ ਦਾ ਸੱਚ ਹੈ
ਚੇਤਨਾ ਜਗਿਆਸਾ ਅਨੁਭਵ ਰਹਿਤ ਹੈ

-0-

ਘਰ ਹੈ ਘਰ ਦਾ ਵੱਸਣ ਹੈ
ਦਰਵਾਜ਼ੇ ਦੀ ਦਰ ਘੰਟੀ
ਜੀ ਆਇਆਂ ਦਾ ਬੋਲ ਹੈ

-0-

ਮੰਦਰ ਹੈ
ਘੜਿਆਲ ਹੈ
ਮਨੁੱਖ ਦੇ ਆਗ਼ਮਨ ਦਾ ਪ੍ਰਮਾਣ ਹੈ

-0-

ਆਦਮੀ ਸੁੱਤਾ ਹੈ
ਸਿਰਹਾਣੇ ਅਲਾਰਮ ਬੈੱਲ ਹੈ
ਜਾਗਣ ਦੀ ਚਿੰਤਾ ਹੈ

-0-

ਚਿਤਰਾਵਲੀ ਹੈ ਨਜ਼ਰ ਹੈ
ਨਜ਼ਰ 'ਚ ਝਾਂਕਦੇ
ਤੁਰਦੇ ਫਿਰਦੇ ਚਿਹਰੇ ਹਨ

-0-

ਚੰਨੰ ਹੈ ਨਜ਼ਰ ਹੈ
ਚੰਨ ਚੜ੍ਹਿਆ ਛੁੱਪ ਗਿਆ
ਨਜ਼ਰ ਦਾ ਸੂਰਜ ਡੁੱਬ ਗਿਆ

-0-

ਮਗਰਮੱਛ ਹੈ
ਦਰਿਆ ਹੈ
ਖ਼ਤਰਾ ਦਰਿਆ ਦੇ ਅੰਦਰ ਹੈ
ਖ਼ਤਰੇ ਦੀ ਭੂੰਮੀ ਕਿਨਾਰੇ ਹਨ

−0−

ਆਦਮੀ ਹੈ ਹੁਨਰ ਹੈ
ਰਿਜ਼ਕ ਹੈ ਭੰਡਾਰ ਹੈ
ਜੀਵਨ ਮੌਖ਼ਸ਼ਾ ਦਾ ਦੁਆਰ ਹੈ

−0−

ਆਦਮੀ ਹੈ
ਬਰੂਦ ਹੈ ਤਬਾਹੀ ਹੈ
ਆਦਮੀ ਨੇ
ਆਪਣੇ ਆਪੇ ਚੋਂ ਉੱਗਾਈ ਹੈ

−0−

ਪਿਆਰ ਹੈ ਲੋਕ ਹਨ.
ਸੱਚ ਸੁੰਦਰਤਾ ਕਲਿਆਣ ਹੈ
ਜਾਗਦੀ ਅੱਖ ਦਾ ਨਹੀਂ
ਸੁਫ਼ਨੇ ਦਾ ਜਹਾਨ ਹੈ

−0−

ਦੀਵਾ
ਆਪਣੇ ਸੱਚ ਦੀ ਤਲਾਸ਼ 'ਚ
ਆਪਾ ਖੋਹ ਗਿਆ
ਦੀਵੇ ਤੋਂ ਸੂਰਜ ਹੋ ਗਿਆ

-0-

ਆਦਮੀ ਹੈ ਕ੍ਰੋਧ ਹੈ
ਦਰਿਆ ਦਾ ਹੜ੍ਹ ਹੈ
ਖੰਡਰਾਂ ਦਾ ਜੰਮਣਾ
ਕਬਰਾਂ ਦਾ ਬੀਜਣਾ ਹੈ

-0-

ਕੀੜੀਆਂ ਦਾ ਝੁੰਡ ਹੈ
ਤਕਸੀਮ ਦੀ ਇਕਾਈ ਹੈ
ਏਕਤਾ ਦੇ ਪ੍ਰਗਟਾਅ ਦੀ ਸੱਚਾਈ ਹੈ

-0-

ਆਦਮੀ ਆਤਮਾ ਹੈ
ਰੱਬ ਨਹੀਂ ਰੱਬ ਦਾ ਅੰਸ਼ ਹੈ
ਆਦਮੀ ਵਿਚ ਆਤਮਾ
ਰੱਬੀ ਯਥਾਰਥ ਦਾ ਪਹਿਲਾ ਹਰਫ਼ ਹੈ

-0-

ਓੜ ਕੇ ਚਾਂਦਨੀ ਸੌਂ ਗਏ
ਉੱਠੇ
ਤਾਂ ਸਾਂ ਰੂਪ ਸ਼ਬਨਮ ਦਾ ਅਸੀਂ

–0–

ਅਜ਼ਨਬੀ ਸਫ਼ਰ
ਪਿਆਰ ਤੋਂ ਸ਼ੁਰੂ
ਵਾਸ਼ਨਾ ਤੇ ਮੁੱਕ ਗਿਆ

–0–

ਸੁਫ਼ਨੇ 'ਚ ਦੁਰਘਟਨਾ ਹੈ
ਜਾਗਦਿਆਂ ਲਈ
ਸਫ਼ਰ ਕਰਨਾ ਆਸ਼ੁਭ ਹੈ
ਭਰਮ ਜਿਉਂਦਾ ਮਨੁੱਖ ਹੈ

–0–

ਦੋ ਮਾਸੂਮ ਹਨ
ਸਵੈ ਸੱਚ ਦਾ ਇਲਮ ਹੈ
ਨੀਹਾਂ ਚੋਂ ਝਾਕਦੀ ਮੌਤ ਦਾ ਡਰ ਨਹੀਂ

–0–

ਭਾਣੇ 'ਚ ਤਵੀ ਤਪ ਰਹੀ ਹੈ
ਭਾਣੇ 'ਚ ਤਵੀ ਤੇ ਬੈਠਾ ਅਨੁਭਵ ਹੈ
ਭਾਣੇ 'ਚ ਤਵੀ ਠਰ ਰਹੀ ਹੈ

-0-

ਭਾਣੇ 'ਚ ਆਰਾ ਚਲ ਰਿਹਾ ਹੈ
ਭਾਣੇ 'ਚ ਦਰਦ ਆਲੋਪ ਹੈ
ਭਾਣੇ ਦਾ ਸੱਚ ਦੇਹ ਦੇ ਕੋਲ ਹੈ

-0-

ਭਾਣਾ ਦੁੱਖ ਦੀ ਇੰਤਹਾ ਹੈ
ਭਾਣਾ ਹੀ ਸਹਿਣ ਸ਼ਕਤੀ ਹੈ
ਭਾਣਾ ਹੀ ਦਰਦ ਦੀ ਦਵਾ ਹੈ

-0-

ਗੋਰੀ ਗਰਦਨ ਸੂਹੇ ਮਣਕੇ
ਕੌਣ ਬਹੇ ਪਲਕਾਂ ਦੀ ਛਾਵੇਂ
ਨੈਣ ਨਿਰੇ ਤਲਵਾਰਾਂ

-0-

ਕਿਰਤ ਕਰਨਾ ਪ੍ਰਵਚਨ ਹੀ ਨਹੀਂ
ਕਰਤਾਰਪੁਰ 'ਚ
ਪ੍ਰਵਚਨਾਂ ਦੇ ਅਰਥਾਂ ਦਾ
ਉੱਗਿਆ ਸੱਚ ਹੈ

-0-

ਬੱਚੇ ਮਾਂ ਪਿਓ
ਸਾਰਾ ਪਰਿਵਾਰ ਵਾਰਨਾ
ਕੁਰਬਾਨੀ ਦਾ ਅਰਥ
ਗੁਰੂ ਗੋਬਿੰਦ ਹੈ

-0-

ਜ਼ੁਲਮ ਦੀ ਇੱਟ ਨਾਲ ਇੱਟ
ਜ਼ਾਲਮ ਨੂੰ ਜ਼ੁਲਮ ਦੇ ਅਹਿਸਾਸ ਦਾ ਨਾਮ ਹੀ
ਬੰਦਾ ਬਹਾਦਰ ਹੈ

-0-

ਸਰਹੱਦਾਂ ਦੀ ਰਖ਼ਸ਼ਾ
ਫੌਜੀਆਂ ਦੇ ਹੀ ਸਿਰ ਨਹੀਂ
ਮੁਲਕ ਦੇ ਹਰ ਸਖ਼ਸ਼ ਦਾ ਸਿਰ ਹੈ

-0-

ਦਿੱਸਦੀ ਸਿਰਜਣਾ
ਆਦਮੀ ਦਾ ਸੱਚ ਨਹੀਂ
ਸਿਰਜਦਾ ਕੁਝ ਹੋਰ ਹੈ
ਸਿਰਜਿਆ ਕੁੱਝ ਹੋਰ ਹੈ

-0-

ਕੌਮੀ ਕਿਰਦਾਰ ਹੈ
ਦੇਸ਼ ਦਾ ਭਵਿੱਖ ਹੈ ਸ਼ਾਨ ਹੈ
ਜਿਸਮ ਹੈ ਰੂਹ ਹੈ ਜਾਨ ਹੈ

-0-

ਤੱਤੀ ਤਵੀ ਹੈ
ਮੱਚਦੀ ਅੱਗ ਹੈ
ਤਵੀ ਤੇ ਬੈਠਾ ਮਨੁੱਖ ਸ਼ਾਂਤ ਹੈ

-0-

ਮੰਦਰ ਨੂੰ ਕੋਠੇ 'ਚ ਬਦਲਣਾ
ਮੱਸੇ ਰੰਗੜ ਦਾ ਕਿਰਦਾਰ ਹੈ
ਕੋਠੇ ਨੂੰ ਮੰਦਰ 'ਚ ਬਦਲਣਾ
ਇਨਸਾਨੀਅਤ ਦਾ ਧਰਮ ਹੈ ਕਰਮ ਹੈ

-0-

ਕਪਾਹ ਦਾ ਖੇਤ ਹੈ
ਨੰਗੇ ਪਿੰਡੇ ਗੋਡੀ ਕਰ ਰਿਹਾ
ਕਿਸਾਨ ਹੈ

-0-

ਜਿੱਥੋਂ ਤੁਰਿਆ ਉੱਥੇ ਖੜ੍ਹਾ ਹੈ
ਭਰਮ ਤੁਰਨ ਦਾ ਜੀਅ ਰਿਹਾ ਹੈ
ਦਿਸਹੱਦਿਆਂ ਨੂੰ
ਨਜ਼ਰਾਂ ਰਾਹੀਂ ਪੀ ਰਿਹਾ ਹੈ ਆਦਮੀ

-0-

ਬਨ੍ਹੇਰੇ ਤੇ ਕਾਂ ਨਹੀਂ
ਚੌਂਕੇ 'ਚ ਬੈਠੀ ਉਡੀਕ ਹੈ
ਗਿੱਲੀ ਲੱਕੜ ਵਾਂਗ ਧੁੱਖ ਰਹੀ

-0-

ਅੱਖਾਂ ਦਰ ਹੋਈਆਂ
ਦੇਹ ਵਿੱਛੀ ਹੈ ਰਾਹਾਂ 'ਚ
ਜਾਨ ਦੀਦ ਦੀ ਸੂਲ਼ੀ ਤੇ ਟੰਗੀ ਹੈ
ਜਗਦਾ ਬੁੱਝਦਾ ਆਸ ਦਾ ਚਿਰਾਗ਼ ਹੈ

-0-

ਕਵਿਤਾ ਕਹਾਣੀ ਨਾਟਕ ਹੈ
ਦਰਸ਼ਕ ਨਹੀਂ ਪਾਠਕ ਨਹੀਂ
ਲੇਖਕ ਦਾ ਧੁੱਖਦਾ ਸਿਵਾ ਹੈ

-0-

ਦੁਨੀਆਂ ਦਾ ਮੇਲਾ ਹੈ
ਕੋਈ ਮੇਲੇ 'ਚ ਗੁਆਚਾ ਹੈ
ਉਹ ਗੁਆਚੇ ਦੀ
ਭਾਲ 'ਚ ਗੁਆਚਾ ਹੈ

-0-

ਬੱਦਲ ਧਰਤ ਤੋਂ ਉੱਠੇ
ਧਰਤ ਤੇ ਵਰ੍ਹ ਗਏ
ਧਰਤ ਸੁਹਾਵੀ ਕਰ ਗਏ
ਅੰਬਰੀਂ ਬਿਜਲੀ ਧਰ ਗਏ

-0-

ਉਹ
ਉਸਨੂੰ ਬਾਹਰ ਟੋਲ੍ਹਦਾ ਹੈ
ਜੋ ਅੰਦਰੋਂ ਬੋਲਦਾ ਹੈ

-0-

ਆਪੇ ਦੀ ਤਲਾਸ਼
ਦੁਨੀਆਂ ਦਾ ਭਰਮਣ
ਅੰਦਰ ਫੋਲਿਆ ਹੀ ਨਹੀਂ
ਅੰਦਰਲੇ ਸੰਗ ਕਦੀ ਬੋਲਿਆ ਹੀ ਨਹੀਂ

-0-

ਆਪਣੇ ਆਪ 'ਚ
ਉਹ ਏਨਾ ਖੋਹ ਗਿਆ
ਕਿ ਆਪਣੇ ਆਪ ਦਾ ਹੀ
ਸੱਚ ਹੋ ਗਿਆ

-0-

ਜਾਗਦੇ ਰਹੋ
ਜਾਗਦੇ ਰਹੋ ਆਖ਼ਦਾ ਸੀ
ਲੋਕ ਸੁੱਤੇ ਸਨ
ਉਹ ਜਾਗਦਾ ਸੀ

-0-

ਆਦਮੀ
ਆਦਮੀ ਨੂੰ ਮਿਲਿਆ
ਪਰਾਇਆ ਹੋ ਗਿਆ
ਰੁੱਖ ਰੁੱਖ ਨੂੰ ਮਿਲਿਆ ਜੰਗਲ ਹੋ ਗਿਆ

-0-

ਦੂਰ ਏਨਾ ਤੁਰ ਗਿਆ
ਕਿ ਕੋਲ ਹੋ ਗਿਆ
ਚੁੱਪ 'ਚ ਏਨਾ ਉਤਰਿਆ
ਕਿ ਬੋਲ ਹੋ ਗਿਆ

-0-

ਤਲਵਾਰ ਦੀ ਅੱਖ 'ਚ ਸਿਰ ਹੈ
ਘੋੜੇ ਦੇ ਪੈਰੀਂ ਜੰਗ ਦਾ ਮੈਦਾਨ ਹੈ
ਫ਼ਤਹਿ ਨੂੰ ਸੂਰਮੇ ਦੀ ਭਾਲ ਹੈ

-0-

ਪੱਥਰ ਹੈ ਸੰਗਤਰਾਸ਼ ਹੈ
ਸੰਗਤਰਾਸ਼ ਦੀ ਰੂਹ
ਪੱਥਰ ਵਿਚਲੇ ਬੁੱਤ 'ਚ ਮੌਜੂਦ ਹੈ

-0-

ਕਾਲਾ ਧੰਨ ਭ੍ਰਿਸ਼ਟਾਚਾਰ ਹੈ
ਵਿਰੋਧ ਵਿਚ ਮੁਲਖ਼ ਦੇ ਕੰਨ ਖੜ੍ਹੇ ਹਨ
ਕਦਮ ਉੱਠਣ ਦੀ ਉਡੀਕ 'ਚ

-0-

ਆਦ੍ਮੀ ਹੈ ਭਰਮ ਹੈ
ਭਰਮ ਆਦਮੀ
ਆਦਮੀ ਭਰਮ ਹੁੰਦਾ ਜਾ ਰਿਹਾ ਹੈ

-0-

ਰਾਜ ਹਕੂਮਤ ਹੁਕਮ ਹੈ
ਫ਼ਰਿਆਦੀ ਹੈ ਫ਼ਰਿਆਦ ਹੈ
ਹਕੂਮਤ ਦੇ ਕੰਨ ਨਹੀਂ

-0-

ਅੱਖ ਹੈ ਨਜ਼ਰ ਹੈ
ਰਾਹ ਦਿਸ਼ਾਵਾਂ ਦਿੱਸਹੱਦੇ ਹਨ
ਸਫ਼ਰ ਤੋਂ ਪਹਿਲਾਂ
ਮਨੁੱਖ ਦਾ ਪਾਟਿਆ ਵਜ਼ੂਦ ਹੈ

-0-

ਦੁਨੀਆਂ ਹੈ ਅਜੋਕੀ ਚੇਤਨਾ ਹੈ
ਨਾ ਦੁਨੀਆਂ ਦਾ ਵਜ਼ੂਦ
ਨਾ ਚੇਤਨਾ ਦੀ ਹੋਂਦ
ਮਨੁੱਖ ਦਾ ਸੱਚ ਹੈ

-0-

ਸਵੈ ਸੱਚ ਪਿੱਛੇ
ਦੌੜਦਾ ਮਨੁੱਖ ਹੈ
ਬੂੰਦ 'ਚ ਸਾਗਰ ਉਤਾਰਦਾ

-0-

ਸੂਰਜ ਦਾ ਉਦੈ ਹੋਣਾ ਝੂਠ ਹੈ
ਸੱਚ ਹੈ ਅਸਤ ਹੋਣਾ ਹੀ ਸੂਰਜ ਦਾ

-0-

ਮਨੁੱਖ ਜੇ ਆਪਣੇ ਆਪ 'ਚ ਉਤਰੇ
ਬੇ-ਕੰਧ ਘਰ ਤੇ ਵਿਹੜਾ
ਤਲੀਏ ਟਿਕਾਅ ਕੇ ਨਿਕਲੇ

-0-

ਸਵੈ-ਸੱਚ ਦੀ ਖ਼ੁਸ਼ਬੂ
ਹਰ ਮਾਨਵ ਚੋਂ ਆਉਂਦੀ ਹੈ
ਵੱਖਰੇ ਚਿਹਰੇ ਨੇ ਭਾਵੇਂ
ਖ਼ੁਸ਼ਬੂ ਇਕ ਕਹਾਉਂਦੀ ਹੈ

-0-

ਮਨੁੱਖ ਜੋ ਆਪਾ ਪੜ੍ਹ ਲਵੇ
ਸਾਂਝੀ ਧਰਤੀ ਅੰਬਰ ਸਹਿਕਾਰ ਸਕਦਾ ਹੈ
ਮਾਨਵਤਾ ਜਿਹਾ ਵਿਸ਼ਵ ਉਸਾਰ ਸਕਦਾ ਹੈ

–0–

ਮੁਲਕ ਹੱਦਾਂ ਬੰਨਿਆਂ 'ਚ
ਜੋ ਜ਼ਰਿਆਂ ਵਾਂਗ ਧਰਤੀ ਤੇ ਖਿਲਰੇ ਹਨ
ਸਭ ਇਕ ਹੋ ਜਾਵਣ ਸਵੈ ਸੰਗ ਜੁੜਿਆਂ

–0–

ਦਰਿਆ ਹੈ
ਕਿਨਾਰੇ ਤੇ ਰੇਤ ਹੈ
ਪੈੜ ਕੋਈ ਨਹੀਂ

–0–

ਇਕ ਛੱਤ ਇਕ ਘਰ
ਇਕ ਵਿਹੜਾ ਵਿਚ ਕੰਧਾਂ
ਕੰਧਾਂ ਹੋ ਗਿਆ
ਕੰਧਾਂ ਵਿਚ ਵਿਚਰਦਾ ਬੰਦਾ

–0–

ਲਹੂ ਮਾਸ ਦੀ ਸੋਚ ਹੀ
ਉਸਾਰਦੀ ਖੰਡਰ
ਨਜ਼ਰ 'ਚ ਧਰਤ ਤੇ ਉੱਗਿਆ
ਜੋ ਸੀ ਮਾਨਵ ਦੇ ਅੰਦਰ

-0-

ਲਹੂ ਦੇ ਰਿਸ਼ਤੇ
ਪਾਣੀਓਂ ਪਤਲੇ ਹੋਏ
ਲਹੂ ਦਾ ਚਿਹਰਾ
ਲਹੂ ਪਾਣੀ ਸੰਗ ਧੋਏ

-0-

ਕੀ ਬੰਦੇ ਆਪਣੇ ਲਈ ਬੀਜਿਆ
ਕੀ ਬੰਦੇ ਲਈ ਕੋਈ ਬੋਏ
ਰੁੱਖਾਂ ਲਈ ਛਾਵਾਂ
ਛਾਵਾਂ ਲਈ ਰੁੱਖ ਪਰਾਏ ਹੋਏ

-0-

ਅਸਤਬਲ ਹੈ
ਮਨੁੱਖ ਹਨ
ਕਿੱਲਿਆਂ ਨਾਲ ਬੱਝੇ ਹਨ

-0-

ਜੰਗਲ ਦੇ ਰੁੱਖ ਜੰਗਲ ਨੂੰ
ਆਪਣਾ ਸੱਚ ਨਾ ਜਾਣਨ
ਜੰਗਲ ਸੁੱਤਾ ਦਿਨ ਦਿਹਾੜੇ
ਰੁੱਖ ਰਾਤਾਂ ਦੇ ਜਾਗਣ

–0–

ਸਾਗਰ ਦੇ ਵਿਚ ਬੂੰਦਾਂ
ਖ਼ੁਦਕਸ਼ੀ ਕਰ ਮੋਈਆਂ
ਆਪਣੀ ਪਿਆਸ ਦੇ ਵੈਣ ਪਾਉਂਦੀਆਂ
ਸਹਿਰਾ ਗਲ ਲੱਗ ਰੋਈਆਂ

–0–

ਯੁੱਗ ਬੀਤ ਗਏ
ਕੂਕ ਕੋਇਲ ਦੀ ਸੁਣਿਆ
ਪੱਥਰਾਂ ਦੇ ਸ਼ਹਿਰ 'ਚ ਵੱਸਦੇ
ਪੱਥਰ ਹੋ ਗਏ ਲੋਕ

–0–

ਭ੍ਰਿਸ਼ਟਾਚਾਰੀ ਰਿਸ਼ਵਤਖੋਰੀ
ਵਿਚ ਪਿਸ ਰਿਹਾ ਉਹ ਬੰਦਾ
ਮਿਹਨਤਕਸ਼ੀ ਦਿਆਨਤਦਾਰੀ
ਹੈ ਜਿਸਦਾ ਜੀਵਨ ਧੰਦਾ

–0–

ਦਿਸ਼ਾਵਾਂ ਸਨ ਰਾਹ ਸਨ
ਆਦਮੀ ਸੀ ਆਪਣੇ ਅੰਗਾਂ ਨੂੰ
ਕਿੱਲ ਠੋਕ ਠੋਕ ਗਿਣ ਰਿਹਾ

-0-

ਚੋਰ ਬਾਜ਼ਾਰੀ ਹੇਰਾ ਫੇਰੀ
ਸੱਚ ਮੁਕਾਈ ਜਾਂਦੇ
ਲਾਲੋ ਜਿਹੇ ਮਿੱਟੀ ਵਿਚ ਰੁਲਦੇ
ਭਾਗੋ ਜਿਹਾਂ ਦੇ ਬੁੱਤ ਲਗਾਈ ਜਾਂਦੇ

-0-

ਮਿਹਨਤਕਸ਼ੀ ਦਿਆਨਤਦਾਰੀ
ਭ੍ਰਿਸ਼ਟਾਚਾਰ ਮੁਕਾ ਰਿਹਾ ਹੈ
ਸੱਚ ਨੀਹਾਂ ਵਿਚ
ਸੱਚ ਹੀ ਆਪਣਾ ਪੋਟਾ ਪੋਟਾ ਕਟਵਾ ਰਿਹਾ ਹੈ

-0-

ਸੀਮਿਟ ਤੇ ਸਰੀਏ ਦਾ ਜੰਗਲ
ਮੋਰ ਦਾ ਨੱਚਣਾ
ਸੁਫ਼ਨ ਨਿਆਈਂ ਹੋਇਆ

-0-

ਅੰਬਰ 'ਚ ਉੱਡਦਾ ਪੰਛੀ
ਗਰੜ ਗਰੜ ਕਰ ਰਿਹਾ ਸੀ
ਪਿੰਜਰੇ ਪਿਆ
ਤਾਂ ਰਾਮ ਰਾਮ ਬੋਲ ਰਿਹਾ ਹੈ

-0-

ਸਾਂਝ ਅੰਸ਼ ਦੀ
ਮਾਨਵ ਮਾਨਵ ਹੋਇਆ
ਨਾ ਹੀ ਵੈਰੀ ਨਾ ਹੀ ਬੇਗ਼ਾਨਾ
ਨੂਰ 'ਚ ਨੂਰ ਸਮੋਇਆ

-0-

ਪੱਥਰਾਂ ਨੇ ਫੁੱਲਾਂ ਦੀ ਬੁੱਕਲ ਮਾਰੀ ਹੈ
ਸਹਿਰਾ ਨੇ ਸਾਗਰ ਓੜ੍ਹਿਆ ਹੈ
ਅੱਗਣ ਦੁਆਲੇ ਹਰਿਆਵਲੀ ਫੁੱਲਕਾਰੀ ਹੈ

-0-

ਮਲ ਦੰਦਾਸਾਂ ਸੁਰਮਾ ਪਾਇਆ
ਰੂਪ ਵਟਾ ਸ਼ੀਸ਼ੇ ਸਾਵੇਂ ਆਈ
ਤੱਕ ਸ਼ੀਸ਼ੇ ਨੇ
ਉਸ ਵੱਲ ਆਪਣੀ ਪਿੱਠ ਘੁੰਮਾਈ

-0-

ਸ਼ੋਰ ਦੀ ਕੁੱਖ ਚੁੱਪ ਦਾ ਜੰਮਣਾ
ਪੱਥਰ ਚੋਂ ਗਤੀ ਦਾ ਉੱਗਣਾ
ਸਹਿਰਾ ਸਾਗਰ 'ਚ ਬਦਲਣਾ
ਹੈ ਹੱਦ ਦਾ ਟੱਪਣਾ ਰੂਪ ਬਦਲਣਾ

-0-

ਗੂੰਗੇ ਸ਼ਬਦ ਬੋਲੇ ਅਰਥ
ਕਥਾ ਜ਼ੁਬਾਨ ਨੂੰ ਖੋਹਿਆ
ਅੱਖ ਨਹੀਂ
ਅੱਥਰੂ ਅੱਖ ਨੂੰ ਰੋਇਆ

-0-

ਸੱਚ ਸੁੰਦਰਤਾ ਕਲਿਆਣ
ਰੱਬੀ ਗੁਣਾਂ ਨੂੰ ਜੜ੍ਹੋਂ ਪੁੱਟਣ ਦੀ
ਜੋ ਹਵਾ ਚਲ ਰਹੀ ਹੈ
ਆਪਾ ਕਬਰੀਂ ਧਰ ਰਹੀ ਹੈ

-0-

ਅੱਜ ਝੂਠ ਵੱਲ ਹੈ ਮੂੰਹ ਸਮੇਂ ਦਾ
ਕੱਲ੍ਹ ਸਮੇਂ ਦੀ ਪਿੱਠ ਹੋਵੇਗੀ
ਸੱਚ ਦੀ ਉਦੋਂ ਜਿੱਤ ਹੋਵੇਗੀ

-0-

ਇਸ਼ਤਿਹਾਰ ਹੈ ਖੰਭਾ ਹੈ
ਲੋਕ ਹਨ ਅੱਖਾਂ ਅੱਡੀ ਵੇਖਦੇ ਹਨ
ਖ਼ਬਰ ਹੈ
"ਲੋਕਾਂ ਦਾ ਸਬਰ ਹੈ"

-0-

ਸੂਰਮਾ ਸਿਰ ਘਰ ਭੁੱਲ ਗਿਆ
ਧੜ ਮੈਦਾਨੇ ਜੰਗ 'ਚ
ਲੜਦਾ ਸ਼ਹੀਦ ਹੋ ਗਿਆ

-0-

ਆਦਮੀ ਹੈ ਪੱਥਰ ਹੈ ਪਹਾੜ ਹੈ
ਸ਼ਿਕੱਸਤ ਦੀ ਸ਼ਿਕੱਸਤ ਨੂੰ
ਫਿਰ ਫ਼ਤਹਿ ਦੀ ਭਾਲ ਹੈ

-0-

ਸਾਵਣ ਹੈ ਰੁੱਖ ਹੈ
ਪੀਂਘ ਹੈ ਮੁਟਿਆਰ ਹੈ
ਦੇਣ ਲਈ ਪੀਂਘ ਨੂੰ ਹੁਲਾਰਾ ਨਹੀਂ

-0-

ਨਕਸ਼ਾਂ ਦਾ ਮੇਲਾ ਹੈ
ਚਿਹਰਿਆਂ ਦੀ ਭੀੜ ਹੈ
ਗੁਆਚਦਾ ਨਹੀਂ ਚਿਹਰਾ
ਜੋ ਦਰਪਣ ਦੇ ਕਰੀਬ ਹੈ

-0-

ਲਹੂ ਦਾ ਰੰਗ ਸੀ ਇਕੋ ਜਿਹਾ
ਦਰਪਣ ਤਾਂ ਦਰਪਣ ਸੀ
ਨਜ਼ਰਾਂ 'ਚ ਚਿਹਰਿਆਂ ਤੋਂ
ਚਿਹਰੇ ਵੱਖਰੇ ਹੋ ਗਏ

-0-

ਸਾਗਰ ਚੋਂ ਬੱਦਲ ਉੱਠਦੇ ਹਨ
ਸਾਗਰ ਤੇ ਵਰ੍ਹਦੇ ਹਨ
ਜਲ ਦੀ ਥਾਂ ਜਲ ਧਰਦੇ ਹਨ
ਭਰੇ ਨੂੰ ਖ਼ਾਲੀ ਖ਼ਾਲੀ ਨੂੰ ਭਰਦੇ ਹਨ

-0-

ਰੁੱਖ ਬੀਜ ਚੋਂ ਉੱਗਦਾ ਹੈ
ਬੀਜ 'ਚ ਸਮਾ ਜਾਂਦਾ ਹੈ
ਰੁੱਖ ਨੂੰ ਰੁੱਖ
ਆਪਣਾ ਸੱਚ ਸਮਝਾ ਜਾਂਦਾ ਹੈ

-0-

ਸਾਗਰ ਚੋਂ ਲਹਿਰਾਂ
ਸਹਿਰਾ ਚੋਂ ਰੇਤ ਉੱਠਦੀ ਹੈ
ਜੰਗਲ 'ਚ ਰੁੱਖ ਝੂਲਦੇ ਹਨ
ਅੰਦਰਲੇ ਦਾ ਭੇਦ ਖੋਲ੍ਹਦੇ ਹਨ

-0-

ਸ਼ਬਦਾਂ ਦੇ ਦਰ
ਅਰਥਾਂ ਦੀ ਸ਼ੁਆ ਆਈ ਹੈ
ਦਰ ਖੋਲੋ ਪੈਰ ਸਿਰ ਤੇ ਰੱਖ ਕੇ
ਘਰ ਹਵਾ ਆਈ ਹੈ

-0-

ਸਮੇਂ ਦੇ ਦਰ ਤੇ ਦਸਤਕ ਦਿੰਦੇ
ਕਿਸ ਦੇ ਕੂਲੇ ਕੂਲੇ ਪੋਟੇ ਹਨ
ਕਿਸ ਮਹਿਕਾਂ ਨੂੰ ਛੋਇਆ ਹੈ
ਨੱਚਦਾ ਮੋਰ ਤੱਕ ਪੈਰਾਂ ਨੂੰ ਰੋਇਆ ਹੈ

-0-

ਤੱਕ ਕੇ ਚਿਹਰਾ
ਦਰਪਣ ਤਿੜਕ ਗਿਆ
ਦਰਪਣ ਤਾਂ ਦਰਪਣ ਸੀ
ਚਿਹਰੇ ਤੇ ਲੱਗਾ ਚਿਹਰਾ ਹੋਰ ਸੀ

-0-

ਗੁਰੂ ਹੈ ਬਿੰਦੂਆਂ ਦਾ ਬਿੰਦੂ ਹੈ
ਦਾਇਰਿਆਂ ਦੇ ਦਾਇਰੇ ਦਾ ਅਰਥ ਹੈ
ਧਰਤ 'ਚ ਅੰਬਰ ਅੰਬਰ 'ਚ ਧਰਤ ਹੈ

-0-

ਕੁੱਖ ਜਨਮੇਂ ਆਪੇ ਨੂੰ
ਹਾਣ ਦਾ ਮਰਦ ਭਾਲਣਾ ਆਖ਼ਦੀ ਹੈ
ਦਾਇਰੇ ਦਾ ਸੁੰਘੜਨਾ
ਕਿ ਬਿੰਦੂ ਦਾ ਫੈਲਣਾ ਹੈ ਇਹ

-0-

ਵਿਪਰੀਤ ਹੈ
ਧਰਤ ਦਾ ਅਸਮਾਨ
ਅਸਮਾਨ ਦਾ ਧਰਤ ਹੋਣਾ
ਭਰੇ ਦਾ ਖ਼ਾਲੀ ਖ਼ਾਲੀ ਦਾ ਭਰੇ ਹੋਣਾ

-0-

ਇਸਤਰੀ ਹੈ ਮਰਦ ਹੈ
ਮਰਦ ਇਸਤਰੀ ਇਸਤਰੀ ਮਰਦ ਹੈ
ਜੀਵਨ ਦੇ ਆਗ਼ਾਜ਼ 'ਚ
ਜੀਵਨ ਦਾ ਹਸ਼ਰ ਹੈ

-0-

ਲੋਕਾਂ ਅੱਗਾ ਢੱਕ ਕੇ
ਆਪਣਾ ਝੂਠ ਲੁਕਾਇਆ ਹੈ
ਸੱਚ ਲੋਕਾਂ ਨੂੰ ਪਿੱਠਾਂ ਚੋਂ
ਨਜ਼ਰੀਂ ਆਇਆ ਹੈ .

-0-

ਪੁੱਟਣਾ ਲਾਉਣਾ
ਪ੍ਰਵਿਰਤੀ ਦਾ ਅਹਿਸਾਸ ਹੈ
ਸੱਚ ਸਮਝਾਉਣਾ ਹੈ
ਕਿਰਿਆ ਦਾ ਰੂਪ ਵਟਾਉਣਾ ਹੈ

-0-

ਦਿਨ ਰਾਤ 'ਚ
ਰਾਤ ਰਾਤ 'ਚ ਢਲੀ
ਆਦਿ ਹੋ ਗਿਆ ਅੰਤ ਦਾ
ਅੰਤ ਹੋ ਗਿਆ ਆਦਿ ਦਾ

-0-

ਸੂਰਜ ਹੈ ਚੰਨ ਤਾਰੇ ਹਨ
ਰੌਣਕ ਨਹੀਂ ਰੌਸ਼ਨੀ ਨਹੀਂ
ਮਹਿਫ਼ਲ ਅੰਬਰ ਦੀ ਚੁੱਪ ਹੈ ਉਦਾਸ ਹੈ

-0-

ਲੋਕ ਹਨ
ਕਬਰਸਤਾਨ ਹੈ
ਜ਼ਿੰਦਗੀ ਦਾ ਸਫ਼ਰ ਹੈ
ਜ਼ਿੰਦਗੀ ਦਾ ਹਸ਼ਰ ਹੈ

-0-

ਭੀੜ ਹੈ ਸਿਰ ਰਹਿਤ ਪੈਰਾਂ ਦੀ
ਕਿੱਧਰ ਜਾ ਰਹੀ ਹੈ ਖ਼ਬਰ ਨਹੀਂ
ਭਾਜੜ ਹੈ ਸੋਚ ਨਹੀਂ ਨਜ਼ਰ ਨਹੀਂ

-0-

ਅੱਖਾਂ ਵੇਖਦੀਆਂ ਹਨ
ਕੰਨ ਸੁਣਦੇ ਹਨ
ਵੇਖਿਆ ਸੁਣਿਆ ਸੱਚ ਨਹੀਂ
ਮਨੁੱਖ ਦਾ ਨਹੀਂ ਸੱਚ ਦਾ ਦੁਖਾਂਤ ਹੈ

-0-

ਬਰਾਤ ਹੈ ਦੂਲ੍ਹਾ ਹੈ
ਘੋੜੀ ਹੈ ਬੈਂਡ ਬਾਜਾ ਹੈ
ਘਰ ਚੋਂ ਦੁਲਹਨ ਆਲੋਪ ਹੈ

-0-

ਸਰਕਾਰ ਤੇ ਲੋਕਾਂ 'ਚ
ਉਸਰੀਆਂ ਕੰਧਾਂ
ਲੋਕਾਂ ਦਾ ਲਹੂ ਪੀਣਾ
ਹੋ ਗਿਆ ਸਰਕਾਰ ਦਾ ਧੰਦਾ

-0-

ਦੋ ਇਕ ਹੋਏ ਹਨ
ਅੱਗੇ ਨਾਲ ਅੱਗਾਂ ਜੁੜਿਆ ਹੈ
ਅੱਗਾ ਇਕ ਹੈ ਪਿਠਾਂ ਦੋ ਹਨ

-0-

ਸਿਫ਼ਰਿਆਂ ਚੋਂ
ਏਕੇ ਦੀ ਮਨਫ਼ੀ ਰੌਸ਼ਨੀ ਹੈ
ਏਕੇ 'ਚ ਸਿਫ਼ਰਿਆਂ ਦੀ ਜਮ੍ਹਾਂ ਹਨ੍ਹੇਰਾ ਹੈ

-0-

ਜੰਗਲ ਦੀ ਪਿੱਠ
ਸ਼ਹਿਰ ਦਾ ਮੁੱਖ ਹੈ
ਸ਼ਹਿਰ ਦੇ ਪੇਟ ਦੀ
ਜੰਗਲੀ ਹਰਿਆਵਲ ਭੁੱਖ ਹੈ

-0-

ਆਦਮੀ
ਜਦ ਆਪਣੀ ਹੱਦ ਟੱਪਦਾ ਹੈ
ਜਾਨਵਰ ਹੋ ਜਾਂਦਾ ਹੈ
ਆਪਾ ਕਤਲ ਕਰਦਾ ਹੈ

-0-

ਜਿਉਂਦਾ ਮਰਜੀਵੜਾ ਮਨੁੱਖ
ਜੀਵਨ ਦਾ ਕੱਚ ਹੈ
ਮੌਤ ਦਾ ਸੱਚ ਹੈ

-0-

ਜਿਉਂਦੇ ਚਿਹਰਿਆਂ ਵਿਹੜੇ
ਭਰਮ ਜੀਵਨ ਦਾ ਸੱਚ ਬਣ ਪੁੱਗਿਆ ਹੈ
ਪੱਥਰ ਚੋਂ ਜਿਉਂ ਫੁੱਲ ਉੱਗਿਆ ਹੈ

-0-

ਮਰੀਜ਼ ਹੈ ਸੁੱਕਾ ਰੁੱਖ ਹੈ
ਹਕੀਮ ਹੈ ਦਵਾ ਹੈ
ਮਰੀਜ਼ ਸੁੰਘੜ ਰਿਹਾ ਹੈ
ਰੁੱਖ ਪੁੰਗਰ ਰਿਹਾ ਹੈ

-0-

ਰੁੱਤ ਬ੍ਰਿਹਾ ਕੱਤਦੀ
ਮੌਸਮ ਕੰਠ ਵੈਰਾਗ਼ ਹੈ
ਬਹਾਰ ਉੱਡੀਕ 'ਚ ਸੁੱਕਣੇ ਪਈ
ਗੁਲਸ਼ਨ ਦ੍ਹਾ ਬੰਦ ਦੁਆਰ ਹੈ

-0-

ਸਮੁੰਦਰ ਸੁੱਕ ਸਹਿਰਾ ਹੋਇਆ
ਜੰਗਲ ਹੋਇਆ ਰਾਖ਼
ਕੁਦਰਤ ਬ੍ਰਿਹਾ ਕੂਕਦੀ
ਦਿੰਦੀ ਫਿਰਦੀ ਭਾਲ

-0-

ਬ੍ਰਿਹੋਂ ਮਾਰੀ ਹਰਿਆਵਲ ਫਿਰੇ
ਛਾਵਾਂ ਨੂੰ ਬਣਵਾਸ
ਨਾ ਰੁੱਖ ਜੰਗਲ ਦੇ ਹੋਏ
ਨਾ ਜੰਗਲ ਰੁੱਖਾਂ ਪਾਸ

-0-

ਘੜੇ ਦੇ ਜਲ ਚੁੱਲ੍ਹੇ ਦੀ ਅੱਗ ਲਈ
ਨਿਕਲੇ ਘਰੋਂ ਜੋ ਲੋਕ
ਲਾਸ਼ਾਂ ਪਰਤੀਆਂ ਘਰਾਂ ਨੂੰ
ਪ੍ਰਲੋਕ ਸੁਧਾਰੇ ਲੋਕ

-0-

ਲੋਕਾਂ ਸੰਗ ਲੋਕ ਜੁੜੇ
ਭੀੜ ਭੀੜਾਂ ਵਿਚ ਤੁਰੇ
ਨਾ ਦਰਪਣ ਨਾ ਚਿਹਰੇ ਦੀ ਪਹਿਚਾਣ
ਜ਼ਿੰਦਗੀ ਦੀ ਭਾਲ 'ਚ ਮੁਰਦੇ ਤੁਰਦੇ ਜਾਣ

-0-

ਜੇ ਮੈਂ ਬਾਂਸ ਦੀ ਪੋਰੀ ਹੋਵਾਂ
ਹਵਾ ਚੋਂ ਤੇਰੇ ਬੋਲ ਉੱਗਾਵਾਂ
ਜੇ ਸੱਜਣਾ ਤੂੰ ਘਰ ਆਵੇਂ
ਤੈਨੂੰ ਤੱਕਾਂ ਤੇ ਮਰ ਜਾਵਾਂ

-0-

ਤੱਕ ਵਿਹੜੇ ਵਿਚ ਖਲੋਤਾ ਤੈਨੂੰ
ਮੈਂ ਪਈ ਆਪਾ ਭਾਲਾਂ
ਲੱਗ ਜਾਏਂ ਜੇ ਗਲ ਮੇਰੇ
ਮੈਂ ਆਪੇ ਨੂੰ ਧੰਨ ਆਖਾਂ

-0-

ਜੇ ਇਕ ਪਗਡੰਡੀ ਹੋਵਾਂ
ਤੇਰੇ ਪੈਰੀਂ ਵਿੱਛ ਜਾਵਾਂ
ਤੇਰੇ ਦਰ ਤੋਂ ਸ਼ੁਰੂ ਹੋਵਾਂ ਮੈਂ
ਤੇਰੇ ਦਰ ਤੇ ਮੁੱਕ ਜਾਵਾਂ

-0-

ਮੇਰੀ ਨਜ਼ਰੇ ਆਪਾ ਕਰ ਤੂੰ
ਤੇਰੀ ਨਜ਼ਰੇ ਆਪਾ ਕਰਾਂ ਮੈਂ
ਅੱਥਰੂ ਬਣਕੇ ਤੇਰੇ ਨੈਣੀਂ ਸਦਾ ਰਹਾਂ ਮੈਂ

-0-

ਜੇ ਟਿੰਡਾਂ ਦੀ ਮਾਲਾ ਹੋਵਾਂ
ਮੈਂ ਭਰ ਭਰ ਖ਼ਾਲੀ ਹੋਵਾਂ
ਲੋਕ ਔਲੂ ਵਿਚ ਕਪੜੇ ਧੋਵਣ
ਮੈ ਮਨ ਦਾ ਮੈਲਾ ਧੋਵਾਂ

-0-

ਪਹਿਲੇਂ ਜਨਮੇਂ ਮਾਂ ਭੈਣ ਸੀ
ਦੂਜੇ ਜਨਮੇਂ ਪਤਨੀ ਧੀ ਸੀ
ਤੀਜੇ ਮੇਰਿਆਂ ਜਨਮਾਂ ਦਾ ਹਿਸਾਬ ਸੀ

-0-

ਚੌਥੇ ਜਨਮੇਂ ਮੇਰਾ ਆਪਾ
ਪੁੰਨ ਪਾਪ ਵਰ ਸਰਾਪ ਸੀ
ਪੰਜਵੇਂ ਉਹ ਦਰਪਣ ਮੈਂ ਚਿਹਰਾ ਸੀਂ
ਔਰਤ ਦਾ ਰੂਪ ਮੇਰਾ ਸੀ

-------

## ਬਸਤੀ ਦੀ ਕਬਰ

ਉਹ ਬਸਤੀ ਛੱਡ ਕੇ
ਕਿੱਧਰ ਗਿਆ ਕਿੱਥੇ ਗਿਆ
ਉਹ ਤਾਂ
ਆਪਣੇ ਪੈਰਾਂ ਦੇ ਨਿਸ਼ਾਨ ਵੀ
ਮਿਟਾ ਗਿਆ

–0–

ਬਸਤੀ ਦੇ ਹਰ ਬਾਜ਼ਾਰ 'ਚ
ਉਹ ਵਿੱਕਦਾ ਨਜ਼ਰ ਆਉਂਦਾ ਸੀ
ਬਸਤੀ ਦੀ ਹਰ ਸੜਕ ਤੇ
ਉਹ ਤੁਰਦਾ ਨਜ਼ਰ ਆਉਂਦਾ ਸੀ
ਬਸਤੀ ਦੀ ਹਰ ਗਲੀ ਚੋਂ
ਉਸ ਦਾ ਚਿਹਰਾ ਝਾਕਦਾ ਸੀ
ਬਸਤੀ ਦੇ ਹਰ ਦਰਵਾਜ਼ੇ ਤੇ
ਉਸ ਦਾ ਦਸਤਕ ਸੀ


–0–

ਅੱਜ ਬਸਤੀ ਦਾ ਕਲਬੂਤ ਹੈ
ਰੂਹ ਨਹੀਂ
ਪੱਥਰ ਹਨ ਲੋਕ ਨਹੀਂ
ਉਜਾੜ ਹੈ ਬਜ਼ਾਰ ਨਹੀਂ
ਸੜਕਾਂ ਹਨ ਮੁਸਾਫ਼ਰ ਨਹੀਂ
ਘਰ ਹਨ ਵੱਸਣ ਨਹੀਂ
ਚੁੱਲ੍ਹੇ ਹਨ ਨਿੱਘ ਨਹੀਂ
ਘੜੇ ਹਨ ਜਲ ਨਹੀਂ
ਮਕਾਨ ਹਨ ਘਰ ਨਹੀਂ
ਗਲੀਆਂ ਹਨ ਬਾਲ ਨਹੀਂ

-0-

ਬਸਤੀ ਦਾ ਸਭ ਕੁੱਝ
ਉਂਜ ਦਾ ਉਂਜ ਹੀ ਪਿਆ ਹੈ
ਪਰ ਬਸਤੀ 'ਚ ਉਹ ਨਹੀਂ
ਬਸਤੀ ਕਬਰ ਦੀ ਢੇਰੀ ਹੈ
ਬਸਤੀ 'ਚ ਬਸਤੀ ਦੀ ਰੂਹ
ਜੁ ਨਹੀਂ

------



ਰੁੱਖ ਦਾ ਦਰਦ

ਬੇਗ਼ੁਨਾਹ ਪੱਤੇ ਸਹਿੰਦੇ ਰਹੇ<br>
ਤਣੇ ਨੂੰ ਓਪਰਾ<br>
ਜੜ੍ਹਾਂ ਨੂੰ ਪਰਾਇਆ<br>
ਕਹਿੰਦੇ ਰਹੇ

(ਸਮਾਧੀ ਵਿਚੋਂ)

ਤਿੱਤਲੀ ਦੇ ਪਰਾਂ ਤੇ<br>
ਵੇਖ ਕਤਰਾ ਸ਼ਬਨਮ ਦਾ<br>
ਬੱਦਲ ਸਾਗਰ ਉਠਾ ਕੇ ਤੁਰ<br>
ਪਿਆ

–●–

ਰੁੱਖ ਤੁਰਦਾ ਤੁਰਦਾ ਸੋਚਦਾ ਹੈ<br>
ਆਦਮੀ ਹੋਣ ਤੋਂ ਪਹਿਲਾਂ<br>
ਚੰਗਾਂ ਹੈ ਰੁੱਖ ਹੀ ਰਹਾਂ

–●–

ਧਿਰਾਂ ਦੀ ਵੰਡ ਹੈ ਆਦਮੀ<br>
ਆਦਮੀ ਦੀ<br>
ਆਪਣੀ ਕੋਈ ਧਿਰ ਨਹੀਂ

–●–

ਚਰਨ ਸਿੰਘ